# ਸਮਤਾ

ਨਵੰਬਰ 1981 (ਅੰਕ 18)

ਸੰਪਾਦਕ: ਗੁਰਸ਼ਰਨ ਸਿੰਘ (1929-2011)

ਇਹ ਪੀ ਡੀ ਐਫ ਫਾਈਲ ਸੁਖਵੰਤ ਹੁੰਦਲ ਨੇ ਕੈਨੇਡਾ ਤੋਂ ਨਿਕਲਦੇ ਸਾਹਿਤਕ ਮੈਗਜ਼ੀਨ “ਵਤਨ” ਦੇ ਵੈੱਬਸਾਈਟ ’ਤੇ ਪਾਉਣ ਲਈ ਤਿਆਰ ਕੀਤੀ।

ਸ੍ਰੋਤ: ਸੁਖਵੰਤ ਹੁੰਦਲ ਅਤੇ ਸਾਧੂ ਬਿਨਿੰਗ ਦੀ ਨਿੱਜੀ ਲਾਇਬ੍ਰੇਰੀ ਵਿੱਚੋਂ।

ਨਵੰਬਰ 1981
ਮੁਲ - ਡੇਢ ਰੁਪਿਆ

18

ਸੰਪਾਦਕੀ ○

## *ਜਮਹੂਰੀ ਲਹਿਰ ਨੂੰ ਚੈਲਿੰਜ :*

ਪੰਜਾਬ ਦੀ ਮੌਜੂਦਾ ਸਥਿਤੀ ਬਾਰੇ ਖੱਬੀ ਲਹਿਰ ਦੇ ਬੁਲਾਰੇ ਅਖ਼ਬਾਰਾਂ ਨੇ ਆਪਣਾ ਪ੍ਰਤੀਕਰਮ ਖੁਲ੍ਹ ਕੇ ਦਿਤਾ ਹੈ। ਇਹ ਪ੍ਰਤੀਕਰਮ ਸਾਰਿਆਂ ਦਾ ਇਕੋ ਹੀ ਹੈ ਕਿ ਫ਼ਿਰਕਾ-ਪ੍ਰਸਤ ਜਨੂੰਨੀ ਪੰਜਾਬ ਦੀ ਫ਼ਿਜ਼ਾ ਨੂੰ ਖ਼ਰਾਬ ਕਰ ਰਹੇ ਹਨ ਤੇ ਸਮੇਂ ਦੀ ਸਰਕਾਰ ਅੰਦਰ ਖ਼ਾਤੇ ਆਪਣੀ ਗੰਦੀ ਸਿਆਸਤ ਦੇ ਸਹਾਰੇ ਏਨਾ ਫ਼ਿਰਕਾ ਪ੍ਰਸਤਾਂ ਨੂੰ ਸ਼ਹਿ ਦੇਣ ਦੀ ਜ਼ਿੰਮੇਵਾਰ ਹੈ। ਇਹ ਸਹੀ ਤੇ ਸਪਸ਼ਟ ਵਿਸ਼ਲੇਸ਼ਣ ਹੈ। ਲਾਲਾ ਜਗਤ ਨਰਾਇਨ ਦਾ ਕਤਲ, ਖ਼ਾਲਸਾ ਕਾਲਜ, ਚੌਂਕ ਮਹਿਤਾ, ਜਲੰਧਰ, ਤਰਨ ਤਾਰਨ ਆਦਿਕ ਦੀਆਂ ਘਟਨਾਵਾਂ, ਚੰਡੀਗੜ੍ਹ ਵਿਚ ਕਤਲ, ਸੰਤ ਭਿੰਡਰਾਂ ਵਾਲਿਆਂ ਦਾ ਫੜਿਆ ਜਾਣਾ ਅਤੇ ਫੇਰ ਛਡਿਆ ਜਾਣਾ – ਇਸ ਸਭ ਕੁਝ ਤੋਂ ਸਾਫ਼ ਹੈ ਕਿ ਇਕ ਪਾਸੇ ਸਰਕਾਰੀ ਮਸ਼ੀਨਰੀ ਦਾ ਦੱਮਨ ਵਧ ਰਿਹਾ ਹੈ ਅਤੇ ਦੂਜੇ ਪਾਸੇ ਸਾਜ਼ਿਸ਼ੀ ਤਰੀਕੇ ਨਾਲ ਫ਼ਿਰਕਾ-ਪ੍ਰਸਤ ਆਪਣਾ ਸਿਰ ਚੁਕ ਰਹੇ ਹਨ। ਇੰਦਰਾ ਗਾਂਧੀ ਦਾ ਸਮਰਥਕ ਜਥੇਦਾਰ ਸੰਤੋਖ ਸਿੰਘ ਪਹਿਲੇ ਅੱਗ ਲਾਉਂਦਾ ਹੈ ਤੇ ਫੇਰ ਬੀਬੀ ਚੰਡੀਗੜ੍ਹ ਆ ਜਾਂਦੀ ਹੈ ਕਿ ਅੱਗ ਬੁਝਣੀ ਚਾਹੀਦੀ ਹੈ। ਸੰਤ ਲੌਂਗੋਵਾਲ ਅਤੇ ਉਹਦੇ ਸਾਥੀ ਪਹਿਲੇ ਸਰਕਾਰ ਦੇ ਵਿਰੁਧ ਧਰਮ ਯੁਧ ਛੇੜਦੇ ਹਨ। ਸਿਵਲ ਨਾ ਫੁਰਮਾਨੀ ਦਾ ਐਲਾਨ ਕਰਦੇ ਹਨ ਤੇ ਫੇਰ ਇਸੇ ਸਰਕਾਰ ਦੀ ਗੱਦੀ ਤੇ ਬੈਠੀ ਜਵਾਹਰ ਲਾਲ ਦੀ ਧੀ, ਉਹਨਾਂ ਨੂੰ ਸਾਰਿਆਂ ਨਾਲੋਂ ਵਡੀ ਸਿੱਖ ਹਿਤੈਸ਼ੀ ਦਿਸਣ ਲੱਗ ਪੈਂਦੀ ਹੈ। ਜਦੋਂ ਇਹ ਸਭ ਕੁਝ ਵਾਪਰ ਰਿਹਾ ਹੈ, ਉਸ ਦੌਰਾਨ ਸਾਧਾਰਨ ਬੰਦਿਆਂ ਦਾ ਆਰਥਕ ਤੌਰ ਤੇ ਕਚੂਮਰ ਨਿਕਲ ਰਿਹਾ ਹੈ। ਝੋਨੇ ਦੀ ਫ਼ਸਲ ਇਸ ਸਾਲ ਤਬਾਹ ਹੋ ਗਈ, ਪਰ ਕਿਸਾਨਾਂ ਦੀ ਰਾਹਤ ਵਾਸਤੇ ਸਰਕਾਰ ਨੇ ਇਕ ਕਦਮ ਵੀ ਨਹੀਂ ਚੁਕਿਆ। ਬਨਸਪਤੀ ਘਿਉ ਦੀਆਂ ਕੀਮਤਾਂ ਸਿਖਰਾਂ ਛੋਹ ਰਹੀਆਂ ਹਨ। ਇਹ ਬਿਲਕੁਲ ਸਿੱਧੀ ਤੇ ਸਪਸ਼ਟ ਗੱਲ ਹੈ ਕਿ ਇਹਨਾਂ ਸਾਰੀਆਂ ਸਾਜ਼ਸ਼ੀ ਵਾਰਦਾਤਾਂ ਦਾ ਨੁਕਸਾਨ ਸਮੁਚੇ ਸਾਧਾਰਨ ਲੋਕਾਂ ਨੂੰ ਹੈ ਤੇ ਜਮਹੂਰੀ ਲਹਿਰ ਨੂੰ ਇਹ ਚੈਲਿੰਜ ਬੜਾ ਡੱਟ ਕੇ ਕਬੂਲ ਕਰਨਾ ਚਾਹੀਦਾ ਹੈ। ਜੇਕਰ ਫ਼ਿਰਕੂ ਜਨੂੰਨੀ ਝੰਡੇ ਚੁਕ ਕੇ ਸੜਕਾਂ ਤੇ ਆ ਸਕਦੇ ਹਨ ਤਾਂ ਅਸੀਂ ਵੀ ਕੋਈ ਥੋੜੇ ਨਹੀਂ ਹਾਂ। ਜੇਕਰ ਉਹ ਦੀਵਾਨ ਲਗਾ ਸਕਦੇ ਹਨ ਤਾਂ ਅਸੀਂ ਵੀ ਰੈਲੀਆਂ ਕਰ ਸਕਦੇ ਹਾਂ। ਇਕ ਮਿਸਾਲ ਇਸ ਸਿਲਸਿਲੇ ਵਿਚ 5 ਅਕਤੂਬਰ ਪੰਜਾਬ ਸਟੂਡੈਂਟ ਯੂਨੀਅਨ ਵਲੋਂ ਜਥੇਬੰਦ ਕੀਤੀ ਮੋਗੇ ਦੇ ਸ਼ਹੀਦਾਂ ਦੀ ਯਾਦ ਵਿਚ ਚੜ੍ਹਿਤ ਦੀ ਰੈਲੀ ਹੈ। ਇਸ ਵਿਚ ਜਿਥੇ ਸਰਕਾਰ ਦੀਆਂ ਚਾਲਾਂ ਨੂੰ ਨੰਗਿਆਂ ਕੀਤਾ ਗਿਆ, ਉਥੇ ਨਿਰੰਕਾਰੀਆਂ ਦੀਆਂ ਘਟਨਾਵਾਂ ਤੋਂ ਸ਼ੁਰੂ ਕਰਕੇ ਫ਼ਿਰਕੂ ਜਨੂੰਨੀਆਂ ਨੂੰ ਮੌਜੂਦਾ ਪੰਜਾਬ ਦੀ ਭੈੜੀ ਸਥਿਤੀ ਦਾ ਜ਼ਿੰਮੇਵਾਰ ਠਹਿਰਾਇਆ ਅਤੇ ਸਾਬਤ ਕੀਤਾ ਗਿਆ ਕਿ ਉਹ ਨਾਂ ਗੁਰੂ ਨਾਨਕ ਦੇ ਸਿੱਖ ਹਨ ਅਤੇ ਨਾਂ ਹੀ ਗੁਰੂ ਗੋਬਿੰਦ ਸਿੰਘ ਦੇ ਸਿੰਘ ਹਨ। ਉਹਨਾਂ ਵਿਚ ਨਾਂ ਗੁਰੂ ਨਾਨਕ ਦੇ ਸਰਬਤ ਦੇ ਭਲੇ ਵਾਲੀ ਸ਼ਰਧਾ ਹੈ ਅਤੇ ਨਾਂ ਹੀ ਗੁਰੂ ਗੋਬਿੰਦ ਸਿੰਘ ਵਾਲੀ ਜ਼ਾਲਮਾਂ ਦੇ ਵਿਰੁਧ ਲੜਨ ਵਾਲੀ ਦਲੇਰੀ ਹੈ। ਹਜ਼ਾਰਾਂ ਦੀ ਗਿਣਤੀ ਵਿਚ ਇਕੱਠੇ ਹੋਏ ਲੋਕਾਂ ਨੇ ਇਹਦਾ ਹੁੰਗਾਰਾ ਭਰਿਆ। ਵਿਦਿਆਰ-ਥੀਆਂ ਨੇ ਮੋਗੇ ਦੇ ਸ਼ਹੀਦਾਂ ਦੀ ਯਾਦ ਵਿਚ ਰੈਲੀਆਂ ਐਤਕੀਂ ਫ਼ਿਰਕਾ-ਪ੍ਰਸਤ ਜਨੂੰਨੀਆਂ ਦੇ ਵਿਰੁਧ ਮੁਹਿੰਮ ਦੇ ਤੌਰ ਤੇ ਕੀਤੀਆਂ। ਨੌਜਵਾਨ ਜਥੇਬੰਦੀਆਂ ਵੀ ਇਸ ਮੁਹਿੰਮ ਨੂੰ ਤੇਜ਼ ਕਰ ਰਹੀਆਂ ਹਨ। ਅਜਨਾਲੇ ਤੋਂ ਸ਼ੁਰੂ ਕਰਕੇ ਨੌਜਵਾਨ ਭਾਰਤ ਸਭਾ ਨੇ 10–17 ਨਵੰਬਰ ਵਾਲੇ ਹਫ਼ਤੇ ਵਿਚ ਜਿਹੜਾ ਸ਼ਹੀਦ ਸਰਾਭਾ ਦੀ ਯਾਦ ਵਿਚ ਹੈ, ਇਸੇ ਮੰਤਵ ਲਈ ਰੈਲੀਆਂ ਕਰਨੀਆਂ ਹਨ। 3 ਨਵੰਬਰ ਮਜ਼ਦੂਰ ਜਥੇਬੰਦੀਆਂ ਵੀ ਆਪਣੀਆਂ ਹੋਰ ਮੰਗਾਂ ਦੇ ਨਾਲ ਨਾਲ ਲੋਕਾਂ ਨੂੰ ਫ਼ਿਰਕਾ ਪ੍ਰਸਤੀ ਵਿਰੁਧ ਜਾਗ੍ਰਿਤ ਕਰਨ ਲਈ ਸੰਘਰਸ਼ਸ਼ੀਲ ਹੋਣਗੀਆਂ। ਜਮਹੂਰੀ ਅਧਿਕਾਰ ਸਭਾ ਦੇ ਸਾਥੀ ਵੀ ਇਸੇ ਮੰਤਵ ਲਈ ਪਿੰਡਾਂ

**ਇਸ ਅੰਕ ਵਿਚ** – 1. ਜਮਹੂਰੀ ਲਹਿਰ ਨੂੰ ਚੈਲਿੰਜ, ਪੰਥ ਨੂੰ ਖ਼ਤਰਾ ਕਿਵੇਂ ਹੈ – ਕਿਥੋਂ ਹੈ ? ; ਕਹਾਣੀਆਂ – ਸ਼ਰਵਣ ਕੁਮਾਰ ਵਰਮਾ, ਗੁਰਨਾਮ ਸਿੰਘ, ਹਮਦਰਦਵੀਰ ਨੌਸ਼ਹਿਰਵੀ, ਐਸ. ਤਰਸੇਮ; ਕਵਿਤਾਵਾਂ – ਨਿਰਮਲ ਕੌਰ, ਕੁਮਾਰੇਂਦ੍ਰ ਪਾਰਸਨਾਥ ਸਿੰਹ; ਰਵਿੰਦਰ ਸਿੰਘ ਸਹਿਰਾਅ, ਸੁਰਜੀਤ ਬਰਾੜ, ਦਰਸ਼ਨ ਬੁਲੰਦਵੀ, ਇੰਦਰ ਸਿੰਘ ਮਾਨ; ਲੇਖ – ਰਾਜੀਵ ਭਿਵਾੜੀ, ਪ੍ਰੋ. ਐਮ.ਐਮ. ਭਾਰਦਵਾਜ; ਪਾਠਕ, ਲੇਖਕ, ਫੋਰਮ।

ਪਿੰਡਾਂ ਵਿਚ ਅਤੇ ਸ਼ਹਿਰਾਂ ਵਿਚ ਮਹਲਾ ਮੀਟਿੰਗਾਂ ਕਰ ਰਹੇ ਹਨ। ਇਕ ਇਹੋ ਜਿਹਾ ਹੋਰ ਯਤਨ ਜ਼ਿਲਾ ਜਲੰਧਰ ਦੇ ਉਘੀ ਇਲਾਕੇ ਦੇ ਕੁਝ ਨੌਜਵਾਨ ਕਰ ਰਹੇ ਹਨ, ਉਹ ਪਹਿਲੇ ਇਕ ਕੰਧ ਪੋਸਟਰ ਕਢਦੇ ਸਨ, ਹੁਣ ਉਹਨਾਂ ਨੇ 'ਹਾਕ' ਨਾਂ ਦਾ ਰੋਲਰ ਟੈਕਨੀਕ ਨਾਲ ਇਕ ਹੱਥ ਲਿਖਤ ਅਖ਼ਬਾਰ ਵੀ ਕਢਿਆ ਹੈ, ਜਿਸ ਰਾਹੀਂ ਇਲਾਕੇ ਵਿਚ ਵਹਿਮਾਂ ਅਤੇ ਧਾਰਮਕ ਜਨੂੰਨੀਆਂ ਵਿਰੁਧ ਵਧੀਆ ਲਾਮਬੰਦੀ ਕੀਤੀ ਗਈ ਹੈ। ਇਹ ਸਮੂਹ ਕਦਮ ਦੱਸਦੇ ਹਨ ਕਿ ਜਮਹੂਰੀ ਲਹਿਰ ਨੇ ਆਪਣੇ ਵਿਰੁਧ ਸਰਕਾਰ ਅਤੇ ਫ਼ਿਰਕੂ ਜਨੂੰਨੀਆਂ ਦਾ ਚੈਲਿੰਜ ਕਬੂਲ ਕੀਤਾ ਹੈ। ਇਸੇ ਤਰ੍ਹਾਂ ਸਰਕਾਰ ਦੀ ਇਸ ਸਾਜ਼ਿਸ਼ ਨੂੰ, ਕਿ ਪਹਿਲੇ ਭੰਨ-ਤੋੜ ਵਾਲੀਆਂ ਸ਼ਕਤੀਆਂ ਨੂੰ ਸ਼ਹਿ ਤੇ ਫੇਰ ਉਹਨਾਂ ਦੀ ਜ਼ਿਮੇਵਾਰੀ ਨਕਸਲੀਆਂ ਤੇ ਮੜ੍ਹ ਦੇਣੀ, ਵੀ ਨੰਗਿਆਂ ਕਰਨ ਦੀ ਲੋੜ ਹੈ। ਨਕਸਲਵਾੜੀ ਕੋਈ ਚੋਰ ਡਾਕੂ ਨਹੀਂ। ਉਹਨਾਂ ਦਾ ਬਾਕਾਇਦਾ ਇਕ ਇਨਕਲਾਬੀ ਫਲਸਫਾ ਹੈ। ਉਹਨਾਂ ਦਾ ਕਦੀ ਵੀ ਕਿਸੇ ਐਸੀ ਕਾਰਵਾਈ ਨਾਲ ਸੰਬੰਧ ਨਹੀਂ, ਜਿਹੜੀ ਕਿ ਜਨ-ਵਿਰੋਧੀ ਹੋਵੇ, ਪੰਜਾਬ ਵਿਚ ਨਕਸਲੀ ਭਾਵੇਂ ਉਹਨਾਂ ਦੇ ਜਿੰਨੇ ਵੀ ਗਰੁੱਪ ਹਨ, ਜਮਹੂਰੀ ਲਹਿਰ ਦਾ ਇਕ ਅੰਗ ਹਨ ਅਤੇ ਫ਼ਿਰਕੂ ਜਨੂੰਨੀਆਂ ਵਿਰੁਧ ਸੰਘਰਸ਼ ਵਿਚ ਉਹ ਸਿਰਕੱਢ ਅਨਸਰ ਹਨ। ਸਮੁਚੀ ਜਮਹੂਰੀ ਲਹਿਰ ਨੂੰ ਇਸ ਸਭ ਕੁਝ ਦੇ ਵਿਰੁਧ ਮਿਲ ਕੇ ਹੌਂਸਲੇ ਅਤੇ ਦਲੇਰੀ ਨਾਲ ਸੰਘਰਸ਼ ਅਗੇ ਲਿਜਾਣਾ ਚਾਹੀਦਾ ਹੈ, ਇਹ ਸਮੇਂ ਦੀ ਲੋੜ ਹੈ।

## ਪੰਥ ਨੂੰ ਖਤਰਾ ਕਿਵੇਂ ਹੈ – ਕਿਥੋਂ ਹੈ?

ਇਹ ਸਵਾਲ 28 ਸਤੰਬਰ, 1981 ਦੀ ਸਪਤਾਹਕ 'ਕੌਮੀ ਏਕਤਾ' ਵਿਚ ਉਠਾਇਆ ਗਿਆ ਹੈ। ਜਿਸਦਾ ਐਡੀਟਰ ਸ੍ਰ: ਰਾਜਿੰਦਰ ਸਿੰਘ ਭਾਟੀਆ ਹੈ, ਜੋ ਸ਼੍ਰੋਮਣੀ ਅਕਾਲੀ ਦਲ ਦਾ ਇਕ ਜਨਰਲ ਸਕੱਤਰ ਵੀ ਹੈ ਅਤੇ ਬਦੇਸ਼ਾਂ ਵਿਚ ਸ਼੍ਰੋਮਣੀ ਅਕਾਲੀ ਦਲ ਦਾ ਪਬਲੀਸਿਟੀ ਦਾ ਇੰਚਾਰਜ ਵੀ ਹੈ। ਇਹ ਸਵਾਲ ਉਠਾਕੇ ਸ੍ਰ: ਰਜਿੰਦਰ ਸਿੰਘ ਭਾਟੀਆ ਆਪ ਹੀ ਜਵਾਬ ਦੇਂਦਾ ਹੈ "..... ਰਾਜਨੀਤਕ ਸ਼ਕਤੀ ਤੋਂ, ਨਿਰਲੇਪ ਹੋ ਕੇ ਜੇ ਅਸੀਂ ਆਪਣੇ ਆਰਥਕ, ਸਮਾਜਕ ਜਾਂ ਧਾਰਮਕ ਸਾਧਨਾਂ ਵਲ ਵੀ ਵੇਖੀਏ ਤਾਂ ਇਤਹਾਸ ਗਵਾਹੀ ਦੇਂਦਾ ਹੈ ਕਿ ਪੰਜ ਸੌ ਸਾਲ ਸਿਖ ਤਵਾਰੀਖ ਵਿਚ ਵਰਤਮਾਨ ਸਮਾਂ ਖਾਲਸਾ ਪੰਥ ਲਈ ਸਭ ਤੋਂ ਖੁਸ਼ਹਾਲ ਸਥਿਰ ਤੇ ਕੁਝ ਕਰਨ ਲਈ ਸੁਨਹਿਰੀ ਮੌਕਾ ਮੁਹਈਆ ਕਰ ਰਿਹਾ ਹੈ। ਵਰਤਮਾਨ ਸਮੇਂ ਕੇਵਲ ਸ਼ਰੋਮਣੀ ਕਮੇਟੀ ਦਾ ਬੱਜਟ ਸਤ ਕਰੋੜ ਨੇੜੇ ਪਹੁੰਚ ਰਿਹਾ ਹੈ। ਦਿਲੀ ਕਮੇਟੀ ਕਰੋੜ ਦੇ ਆਲੇ-ਦੁਆਲੇ ਹੈ। ਪਟਨਾ ਸਾਹਿਬ, ਹੇਮਕੁੰਟ ਸਾਹਿਬ, ਹੋਰ ਵਡੀਆਂ-ਵਡੀਆਂ ਸਿੰਘ ਸਭਾਵਾਂ, ਇੰਗ-ਲੈਂਡ-ਅਮਰੀਕਾ ਤੇ ਹੋਰ ਦੇਸ਼ਾਂ ਦੇ ਗੁਰਦੁਆਰੇ ਤਥਾ ਸੰਤ-ਮਹਾਂ-ਪੁਰਖਾਂ ਦੇ ਡੇਰੇ ਘਟੋ ਘਟ ਖਾਲਸਾ ਪੰਥ ਦਾ ਸੌ ਕਰੋੜ ਰੁਪਿਆ ਹਰ ਸਾਲ ਧਰਮ ਕਾਰਜਾਂ ਲਈ ਖਿਰਚਦੇ ਹਨ। ਪਰ ਸਰਵੇਖਣ ਕਰੋ। ਪ੍ਰਾਪਤੀ ਕੀ ਹੈ?......"

ਭਾਟੀਆ ਸਹਿਬ, ਸਵਾਲ ਤੁਸਾਂ ਉਠਾਇਆ ਹੈ, ਜਵਾਬ ਲਭਣ ਲਈ ਆਪਣੀ ਬੁੱਕਲ ਵਿਚ ਮੂੰਹ ਪਾ ਕੇ ਝਾਕੋ–ਪ੍ਰਾਪਤੀ ਕੁਝ ਨਹੀਂ ਕਿਉਂ? ਉਹਦਾ ਇਕੋ ਕਾਰਨ ਹੈ – ਕਿਉਂਕਿ ਵੀਹਵੀਂ ਸਦੀ ਦੇ ਸਾਇੰਸ ਦੇ ਯੁਗ ਵਿਚ ਰਹਿੰਦੇ ਹੋਏ ਤੁਸੀਂ ਆਪਣੇ ਆਪ ਨੂੰ 15ਵੀਂ-16ਵੀਂ ਸਦੀ ਦੇ ਚੌਖਟੇ ਵਿਚ ਜਕੜਿਆ ਹੋਇਆ ਹੈ। ਇਹ ਭੈੜੀ ਕਿਸਮ ਦੇ ਜਨੂੰਨ ਤੋਂ ਸਿਵਾ ਕੁਝ ਵੀ ਨਹੀਂ। ਤੁਹਾਡਾ ਰਾਜਸੀ ਮੁਫ਼ਾਦ ਇਹੀ ਹੈ ਕਿ ਸਿਖ ਅਵਾਮ "ਮਸਿਆ ਦੇ ਮੇਲੇ" ਤੋਂ ਬਾਹਰ ਨਾ ਆਉਣ। ਉਹ ਲੋਕ ਜੋ ਆਪਣੀ ਮੇਹਨਤ ਅਤੇ ਸਿਆਣਪ ਕਾਰਨ ਦੁਨੀਆ ਦੇ ਉੱਤਮ ਕਾਮੇ ਮੰਨੇ ਜਾਂਦੇ ਹਨ – ਹੁਣੇ ਹੁਣੇ ਯੂ.ਐਨ.ਓ. ਦੇ ਇਹ ਅਦਾਰੇ ਦੇ ਅੰਕੜੇ ਕਹਿੰਦੇ ਹਨ ਕਿ ਪੰਜਾਬ ਦੇ ਕਿਸਾਨ ਦੁਨੀਆਂ ਭਰ ਵਿਚ ਸਾਰਿਆਂ ਨਾਲ ਮੋਹਰਲੀ ਹਨ – ਉਹ ਜਦੋਂ ਆਪਣੇ ਧਰਮ ਦੀ ਚਾਰਦੀਵਾਰੀ ਵਿਚ ਆਂਦੇ ਹਨ ਤਾਂ ਆਪਣੀ ਅਕਲ ਜਾਂ ਸੂਝ ਦੇ ਸਾਰੇ ਦਰਵਾਜ਼ੇ ਬੰਦ ਕਰ ਲੈਂਦੇ ਹਨ। ਬਾਬੇ ਨਾਨਕ ਦੇ ਪ੍ਰਗਤੀਵਾਦ ਨੂੰ ਭੁੱਲ ਜਾਂਦੇ ਹਨ। ਗੁਰੂ ਗੋਬਿੰਦ ਸਿੰਘ ਦੀ ਜ਼ਾਲਮਾਂ ਵਿਰੁਧ ਲੜਣ ਦੀਆਂ ਸਾਰੀਆਂ ਰਵੈਤਾਂ ਨੂੰ ਵਿਸਾਰ ਦੇਂਦੇ ਹਨ। ਧੰਨ ਬਾਬਾ ਨਾਨਕ – ਧੰਨ ਨੀਲੇ ਘੋੜੇ ਵਾਲਾ, ਕਲਗੀਆਂ ਵਾਲਾ ਬਾਜ਼ਾਂ ਵਾਲਾ – ਇਹੋ ਹੀ ਸਿਮਰਨਾ ਕਰਕੇ, ਗੱਪਾਂ ਵਰਗੀਆਂ ਸਾਖੀਆਂ ਸੁਣ ਕੇ ਗੁਰ-ਦੁਆਰੇ ਤੋਂ ਉਠ ਆਂਦੇ ਹਨ। ਇਹੋ ਜਹੀਆਂ ਧਾਰਨਾਵਾਂ ਜਦੋਂ ਵੀਹਵੀਂ ਸਦੀ ਦੀ ਸੂਝ ਦੇ ਸਾਹਮਣੇ ਖਲੋਂਦੀਆਂ ਹਨ ਤਾਂ ਬੁਰੀ ਤਰ੍ਹਾਂ ਮਾਰ ਖਾ ਜਾਂਦੀਆਂ ਹਨ? ਕਰੋੜਾਂ ਰੁਪਿਆ ਖਰਚਕੇ ਤੁਹਾਨੂੰ ਸ਼ਿਕਾਇਤ ਹੈ ਕਿ ਸਿਖ ਨੌਜਵਾਨ ਸਿਖੀ ਸਰੂਪ ਨਹੀਂ ਕਾਇਮ ਪਏ ਰਖਦੇ ਤਾਂ ਇਹ ਕਸੂਰ ਕਿਸ ਦਾ ਹੈ? ਅਜ ਤੁਹਾਨੂੰ ਧਰਮ ਦੇ ਪਰਚਾਰ ਦੀ ਕਿਥੇ ਮਨਾਹੀ ਹੈ – ਜਿਥੇ ਮਰਜ਼ੀ ਧਰਮ ਦੇ ਨਾਂ ਤੇ ਲਖਾਂ ਲੋਕ ਇਕੱਠੇ ਕਰ ਲਵੋ। ਸਵੇਰੇ ਚਾਰ ਵਜੇ ਧੂਤੂ ਲਗਾ ਕੇ ਜਿਨੀ ਮਰਜ਼ੀ ਲੋਕਾਂ ਦੀ ਨੀਂਦ ਹਰਾਮ ਕਰ ਲਵੋ। ਸੜਕਾਂ ਤੇ ਟਰੈਫਿਕ ਬੰਦ ਕਰਕੇ ਜਿੰਨੇ ਮਰਜ਼ੀ ਕੀਰਤਨ ਦਰਬਾਰ ਕਰ ਲਵੋ, ਜਗਰਾਤੇ ਕਰ ਲਵੋ ਕੋਈ ਮਨਾਹੀ ਹੈ? ਫੇਰ ਇਹ ਸਭ ਧਰਮ ਯੁਧ ਕਾਹਦੇ ਲਈ? ਕਿਹਦੇ ਵਿਰੁਧ? ਜ਼ਰਾ ਸੋਚੋ ਪਰ ਤੁਸੀਂ ਕਿਉਂ ਸੋਚੋਗੇ? ਤੁਹਾਡੇ ਹਿੱਤ ਤਾਂ ਇਸੇ ਵਿਚ ਹਨ ਕਿ ਲੋਕ ਮਸਿਆ ਨਹਾਉਂਦੇ ਰਹਿਣ ਤੇ ਤੁਹਾਡੇ ਪਰਸ਼ਾਦੇ ਚਲਦੇ ਰਹਿਣ। ਕੋਠੇ ਚੜ ਕੇ ਦੁਹਾਈ ਪਾਂਦੇ ਰਵੋ, ਸਿਖੀ ਨੂੰ ਖਤਰਾ ਹੈ – ਪੰਥ ਨੂੰ ਖਤਰਾ ਹੈ – ਭਿੰਡਰਾਂ ਵਾਲਿਆਂ ਦਾ ਜੇ ਵਾਲ ਵੀ ਵਿੰਗਾ ਹੋਇਆ ਤਾਂ ਸਿਖਾਂ ਦਾ ਬੱਚਾ-ਬੱਚਾ ਕੱਟ ਮਰੇਗਾ – ਉਂਝ ਤੁਹਾਨੂੰ ਪਤਾ ਹੈ ਕਿ ਤੁਹਾਡਾ ਇਕ ਵੀ ਬਚਾ ਨਹੀਂ ਮਰੇਗਾ ਉਹ ਜਾਂ ਤਾਂ ਕਿਧਰੇ ਬਦੇਸ਼ਾਂ ਵਿਚ ਡਾਲਰ ਕਮਾਉਂਦਾ ਹੋਵੇਗਾ ਜਾਂ ਗੁਰੂ ਨਾਨਕ ਨਿਵਾਸ ਵਿਚ ਲੁਕਿਆ ਹੋਵੇਗਾ ਮਰਨ ਵਾਲੇ ਸਾਧਾਰਨ ਸ਼ਹਿਰੀਆਂ ਦੇ ਬੱਚੇ ਹੀ ਹੋਣਗੇ? – ਗੁਰਸ਼ਰਨ ਸਿੰਘ

ਬਲਰਾਜ ਸਾਹਨੀ ਯਾਦਗਾਰ ਪ੍ਰਕਾਸ਼ਨ ਵਾਸਤੇ ਕੈਲਾਸ਼ ਕੌਰ – ਗੁਰਸ਼ਰਨ ਸਿੰਘ ਨੇ ਛਪਵਾਇਆ ਤੇ ਪ੍ਰਕਾਸ਼ਤ ਕੀਤਾ। ਛਪਾਈ ਰੈਕਸੋਨਾ ਪ੍ਰਿੰਟਿੰਗ ਪ੍ਰੈਸ, ਪੁਤਲੀਘਰ, ਅੰਮ੍ਰਿਤਸਰ ਵਿਚ ਹੋਈ। ਪ੍ਰਬੰਧਕੀ ਸਿਰਨਾਵਾਂ: ਗੁਰੂ ਖ਼ਾਲਸਾ ਨਿਵਾਸ ਡਾਕਖ਼ਾਨਾ ਖ਼ਾਲਸਾ ਕਾਲਜ, ਅੰਮ੍ਰਿਤਸਰ – 143002 : ਵਾਰਸ਼ਿਕ ਚੰਦਾ 15 ਰੁਪਏ, ਵਿਦੇਸ਼ ਹਵਾਈ ਡਾਕ ਰਾਹੀਂ 80 ਰੁਪਏ।

# ਮੁਸਾਫ਼ਿਰ

੦

## ਸਰਵਣ ਕੁਮਾਰ ਵਰਮਾ

ਉਹ ਡਿੱਗਦਾ ਢਹਿੰਦਾ ਸਟੇਸ਼ਨ ਤੇ ਪੁਜ ਗਿਆ ਸੀ।

ਸਟੇਸ਼ਨ ਤੱਕ ਉਹਨੂੰ ਇਕ ਲੰਮਾ ਤੇ ਔਖਾ ਪੈਂਡਾ ਤੈਅ ਕਰਨਾ ਪਿਆ ਸੀ। ਚਿੱਕੜ, ਕੰਢਿਆਂ ਤੇ ਪੱਥਰਾਂ ਤੋਂ ਲੰਘਣਾ ਪਿਆ ਸੀ। ਇਹ ਤੇ ਉਹਨੂੰ ਪਤਾ ਲੱਗ ਗਿਆ ਸੀ ਕਿ ਸਰਕੰਡਿਆਂ ਤੋਂ ਪਰ੍ਹਾਂ ਰੇਲਵੇ ਲਾਈਨ ਵਿਛਾਉਣ ਦਾ ਪਰੋਗਰਾਮ ਸੀ, ਸਟੇਸ਼ਨ ਵੀ ਜ਼ਰੂਰ ਬਣਿਆ ਹੋਵੇਗਾ। ਦੱਸਣ ਵਾਲੇ ਏਨਾ ਦੱਸ ਕੇ ਉਸ ਨੂੰ ਇੰਜ ਵੇਖਣ ਲੱਗੇ, ਜਿਵੇਂ ਉਹ ਇਸ ਤੋਂ ਵਧ ਹੋਰ ਕੁਝ ਨਹੀਂ ਕਹਿਣਗੇ ਤੇ ਅਗੋਂ ਫੈਸਲਾ ਕਰਨਾ ਉਹਦਾ ਕੰਮ ਸੀ ਤੇ ਉਹ ਇਹ ਸਭ ਸੁਣ ਕੇ ਸਿੱਧਾ ਘਰ ਗਿਆ ਸੀ। ਘਰ ਖਾਲੀ ਸੀ, ਬੈਠਕ ਵਿਚ ਉਹਦੇ ਵਡੇ ਵਡੇ-ਰਿਆਂ ਦੀਆਂ ਘੱਟਾ ਚੜ੍ਹੀਆ ਤਸਵੀਰਾਂ ਲਟਕ ਰਹੀਆਂ ਸਨ। ਉਹਨੂੰ ਵੇਖਦਿਆਂ ਹੀ ਸਾਰੀਆਂ ਤਸਵੀਰਾਂ ਇਕੋ ਵਾਰ ਬੋਲ ਉੱਠੀਆਂ –

"ਜਾ, ਕੋਸ਼ਿਸ਼ ਕਰ। ਨਹੀਂ ਤੇ ਸਾਡੇ ਵਾਂਗ ਇਹਨਾਂ ਕੰਧਾਂ ਤੇ ਲਮਕਿਆ ਘੱਟਾ ਫੱਕਦਾ ਰਹੇਂਗਾ।"

" 'ਕੱਲਾ ਜਾਵਾਂ ?"

"ਆਹੋ। ਅਸੀਂ ਤੇਰੇ ਨਾਲ ਨਹੀਂ ਜਾ ਸਕਦੇ। ਇਥੋਂ ਸਾਡਾ ਤੇਰਾ ਸਾਥ ਖ਼ਤਮ ਹੁੰਦੈ। ਹਰ ਬੰਦੇ ਨੂੰ ਆਪਣਾ ਸਫ਼ਰ ਇਕੱਲਿਆਂ ਤੈਅ ਕਰਨਾ ਹੁੰਦੈ।"

ਇਸ ਪਿਛੋਂ ਇਕ ਦਮ ਸੰਨਾਟਾ ਛਾ ਗਿਆ। ਘਰ ਤੇ ਬਾਹਰ, ਉਹਦੇ ਅੰਦਰ, ਦੂਰ ਤੀਕ।

ਉਹ ਤੁਰ ਪਿਆ। ਸਾਰੇ ਰਾਹ ਉਹ ਰੇਲਵੇ ਲਾਈਨ, ਸਟੇਸ਼ਨ ਅਤੇ ਆਪਣੀ ਅਗਲੀ ਮੰਜ਼ਿਲ ਦੇ ਬਾਰੇ ਸੋਚਦਾ ਰਿਹਾ। ਕਦੇ ਕਦੇ ਉਹਦੀ ਇਹ ਸੋਚ ਸੁੰਦਰ-ਸਜੀਲੇ ਸੁਪਨਿਆਂ ਦਾ ਰੂਪ ਧਾਰ ਲੈਂਦੀ ਤੇ ਉਹ ਖ਼ੁਸ਼ ਹੋ ਜਾਂਦਾ। ਦੂਜੇ ਹੀ ਪਲ ਇਸ ਸੋਚ ਦੀ ਧਾਰਾ ਕਿਸੇ ਮਾਰੂਥਲ 'ਚ ਗੁੰਮ ਜਾਂਦੀ ਤੇ ਉਹ ਉਦਾਸ ਹੋ ਜਾਂਦਾ। ਇਹ ਛਿਣ-ਭਰ ਦੀ ਖ਼ੁਸ਼ੀ ਤੇ ਉਦਾਸੀ ਵਿਚਕਾਰ ਲਟਕਦਾ ਉਹ ਸਟੇਸ਼ਨ ਪੁੱਜ ਗਿਆ।

ਸਟੇਸ਼ਨ ਤੇ ਜਿਸ ਭੀੜ ਦੇ ਰੌਣਕ ਦਾ ਤਸੱਵਰ ਉਸ ਦੇ ਜ਼ਿਹਨ ਵਿਚ ਸੀ, ਉਹ ਉਥੇ ਬਿਲਕੁਲ ਨਹੀਂ ਸੀ। ਉਹੀਓ ਗਹਿਰੀ ਚੁਪ, ਉਹੀਓ ਸੰਨਾਟਾ ਜਿਹੜਾ ਉਹਦੇ ਨਾਲ ਨਾਲ ਆਇਆ ਸੀ ਤੇ ਸਟੇਸ਼ਨ ਦੀ ਇਮਾ-ਰਤ ਦੇ ਸਾਹਮਣੇ ਬੁੱਢੇ ਤੇ ਘਣੇ ਬੋਹੜ ਦੇ ਹੇਠਾਂ ਖਲੋਤੇ ਖਲੋਤੇ ਉਹਨੇ ਸੋਚਿਆ, ਇਹ ਖਾਮੋਸ਼ੀ, ਇਹ ਸੰਨਾਟਾ, ਇਹ ਸੁੰਨਾਪਨ, ਕਿਤੇ ਉਸ ਦੇ ਅੰਦਰ ਤਾਂ ਨਹੀਂ, ਜਿਹੜਾ ਹਰ ਪਲ ਉਹਦੇ ਨਾਲ ਨਾਲ ਚੁਲ ਰਿਹਾ ਹੋਵੇ। ਇਸ ਖ਼ਿਆਲ ਨਾਲ ਉਹ ਘਬਰਾ ਜਿਹਾ ਗਿਆ। ਉਹਨੇ ਆਪਣੇ ਆਲੇ-ਦੁਆਲੇ ਝਾਤ ਪਾਈ। ਨਾ ਬੋਹੜ ਥੱਲੇ ਕੋਈ ਸੁਆਰੀ ਖੜੀ ਸੀ ਨਾ ਮੁਸਾਫ਼ਿਰ ਸੀ। ਨਾ ਕੋਈ ਛਾਬੜੀ ਵਾਲਾ ਸੀ ਤੇ ਨਾ ਕੋਈ ਫ਼ਕੀਰ ਤੇ ਨਾ ਹੀ ਕੋਈ ਅਵਾਰਾ ਡੰਗਰ ਉਂਘਲਾ ਰਿਹਾ ਸੀ।

ਉਹ ਬਹੁਤ ਹੈਰਾਨ ਹੋਇਆ। ਸਟੇਸ਼ਨ ਤੇ ਵੀ ਜ਼ਿੰਦਗੀ ਦੇ ਕੋਈ ਚਿੰਨ੍ਹ ਨਹੀਂ ਸਨ। ਉਸ ਨੇ ਸੋਚਿਆ ਕਿ ਉਹ ਕਿਸੇ ਗ਼ਲਤ ਥਾਂ ਤੇ ਤਾਂ ਨਹੀਂ ਆ ਗਿਆ। ਪਰ ਉਹ ਸਟੇਸ਼ਨ ਹੀ ਸੀ। ਡਿਓੜੀ ਦੇ ਮੱਥੇ ਤੇ ਲਿਖਿਆ ਸੀ – "ਆਜ਼ਾਦਪੁਰ ਸਟੇਸ਼ਨ।" – ਹਾਂ ਇਹੋ ਈ ਨਾਂ ਦੱਸਿਆ ਸੀ ਲੋਕਾਂ ਨੇ ਉਹਨੂੰ ਸੱਜੇ ਪਾਸੇ ਦੋ ਰਿਹਾਇਸ਼ੀ ਕੁਆਰਟਰ ਵੀ ਸਨ। ਖ਼ਸਤਾ ਤੇ ਪੁਰਾਣੇ, ਕੰਧਾਂ ਤੇ ਬਨੇਰਿਆਂ ਤੇ ਕਾਈ ਜੰਮੀ ਸੀ। ਕਿਸੇ ਬਨੇਰੇ ਤੇ ਕੋਈ ਪੰਛੀ ਵੀ ਨਹੀਂ ਸੀ। ਡੂੰਘੀ ਚੁੱਪ ਦਾ ਸਾਗਰ ਸੀ, ਜਿਹੜਾ ਚਾਰੇ ਪਾਸੇ ਫੈਲ ਗਿਆ ਸੀ।

ਉਹ ਪੌੜੀਆਂ ਚੜ੍ਹ ਕੇ ਡਿਓੜੀ 'ਚ ਆ ਗਿਆ। ਉਥੇ ਕੋਈ ਮੁਸਾਫ਼ਿਰ ਨਹੀਂ ਸੀ। ਗੇਟ ਤੇ ਕੋਈ ਰੇਲਵੇ ਕਰਮਚਾਰੀ ਵੀ ਨਹੀਂ ਸੀ। ਕੋਈ ਕੁੱਲੀ ਵੀ ਨਹੀਂ ਸੀ ਦਿਸਦਾ। ਗੇਟ ਕਿਸੇ ਮੋਏ ਡੰਗਰ ਦੀ ਅੱਖ ਵਾਂਗ ਖੁੱਲ੍ਹਾ ਸੀ। ਸਾਹਮਣੇ ਪਲੈਟ ਫਾਰਮ ਤੇਜ਼ ਧੁੱਪ ਵਿਚ ਤਪ ਰਿਹਾ ਸੀ।

ਉਹ ਬੁਕਿੰਗ ਆਫਿਸ ਤਕ ਗਿਆ ਤੇ ਸਿੱਲ ਤੇ ਕੂਹਣੀਆਂ ਟਿਕਾ ਕੇ ਖਿੜਕੀ 'ਚੋਂ ਅੰਦਰ ਝਾਕਿਆ। ਅਧੇੜ ਉਮਰ ਦਾ ਇਕ ਬਾਊ, ਕਾਊਂਟਰ ਤੇ ਟੰਗਾਂ ਪਸਾਰੀ ਸੌਂ ਰਿਹਾ ਸੀ। ਟਿਕਟ ਪੰਚ ਕਰਨ ਵਾਲੀ ਮਸ਼ੀਨ ਇਕ ਕੋਨੇ ਵਿਚ ਪਈ ਸੀ। ਜਿਸ ਤੇ ਘੱਟੇ ਦੀਆਂ ਮੋਟੀਆਂ ਤੈਹਾਂ ਜੰਮ ਗਈਆਂ ਸਨ। ਦਫਤਰ ਦੇ ਦੂਜੇ ਸਮਾਨ ਦਾ ਵੀ ਤਕਰੀਬਨ ਇਹੋ ਈ ਹਾਲ ਸੀ। ਸਾਹਮਣੀ ਕੰਧ ਤੇ ਮਹਾਤਮਾ ਗਾਂਧੀ ਦੀ ਤਸਵੀਰ ਸੇਬੇ ਨਾਲ ਟੇਢੀ ਲਟਕ ਰਹੀ ਸੀ। ਤੇ ਇੰਜ ਜਾਪਦਾ ਸੀ ਕਿ ਹੁਣੇ ਹੀ ਥੱਲੇ ਆ ਪਵੇਗੀ। ਉਹਨੇ ਗਹੁ ਨਾਲ ਸੁੱਤੇ ਹੋਏ ਬਾਊ ਦਾ ਚਿਹਰਾ ਵੇਖਿਆ, ਉਥੇ ਘੱਟਾ ਤੇ ਨਹੀਂ ਸੀ ਪਰ ਥਕਾਵਟ ਤੇ ਨਿਰਾਸ਼ਾ ਉੱਕਰੀ ਹੋਈ ਸੀ। ਇਕ ਪਲ ਲਈ ਉਹਨੂੰ ਖਿਆਲ ਆਇਆ ਕਿ ਇਹ ਆਦਮੀ ਨਹੀਂ ਚਾਮਚੜਿੱਕ ਹੈ। ਜੋ ਕਾਊਂਟਰ ਨਾਲ ਪੁੱਠਾ ਲਟਕ ਰਿਹੈ। ਉਹਨੇ ਕਾਊਂਟਰ ਤੇ ਦਸਤਕ

ਦਿਤੀ। ਬਾਊ ਨੇ ਹੌਲੀ ਹੌਲੀ, ਬੜੇ ਥੱਕੇ ਹੋਏ ਬੰਦੇ ਵਾਂਗ ਅੱਖਾਂ ਖੋਲ੍ਹੀਆਂ। ਉਹਦੇ ਵਲ ਖਾਲੀ ਨਜ਼ਰਾਂ ਨਾਲ ਵੇਖਿਆ। ਪਰ ਕਾਊਂਟਰ ਤੋਂ ਲੱਤਾਂ ਨਾ ਚੁੱਕੀਆਂ। ਉਹਦੇ ਚਿਹਰੇ ਤੇ ਵੀ ਕੋਈ ਤਬਦੀਲੀ ਨਾ ਆਈ।

"ਟਿਕਟ ?"

"ਹੈ ਨਈਂ।"

"ਕਿਉਂ ?"

"ਇਥੇ ਬੜੇ ਚਿਰਾਂ ਤੋਂ ਟਿਕਟ ਨਹੀਂ ਆਏ।"

"ਟਿਕਟ ਨਹੀਂ ਆਏ ! ਇਹ ਕਿਵੇਂ ਹੋ ਸਕਦੈ ! ਤੁਸੀਂ ਉਪਰ ਕਿਉਂ ਨਹੀਂ ਲਿਖਦੇ ?"

"ਇਹ ਮੇਰੀ ਡਿਊਟੀ ਨਹੀਂ।" ਬਾਊ ਨੇ ਫੇਰ ਅੱਖਾਂ ਮੀਟ ਲਈਆਂ।

ਉਹ ਖਿੜਕੀ ਤੋਂ ਹਟ ਗਿਆ ਕਿ ਹੁਣ ਉਥੇ ਖਲੋਤੇ ਰਹਿਣ ਦਾ ਕੋਈ ਫਾਇਦਾ ਨਹੀਂ ਸੀ – ਉਹ ਪਲੈਟ ਫਾਰਮ ਤੇ ਆ ਗਿਆ। ਪਲੈਟ ਫਾਰਮ ਵੀ ਖਾਲੀ ਸੀ। ਰੇਲਵੇ ਲਾਈਨ ਦੂਰ ਤੱਕ ਸੁੰਨਸਾਨ ਸੀ। ਨਾ ਕਿਤੇ ਧੂੰਆਂ ਸੀ ਨਾ ਗਡੀ ਦੀ ਆਵਾਜ਼। ਦੂਰ ਰੇਲਵੇ ਕਰਾਸਿੰਗ ਦਾ ਫਾਟਕ ਟੁੱਟਾ ਪਿਆ ਸੀ ਤੇ ਇਕ ਅਵਾਰਾ ਗਧਾ ਲਾਈਨਾਂ ਦੇ ਵਿਚਕਾਰ ਬੈਠਾ ਸੀ। ਉਹ ਕਿਸੇ ਰੇਲਵੇ ਕਰਮਚਾਰੀ ਦੀ ਤਲਾਸ਼ ਵਿਚ ਪਲੈਟ ਫਾਰਮ ਦੇ ਇਕ ਸਿਰੇ ਤੋਂ ਦੂਜੇ ਤੀਕ ਚੱਕਰ ਲਾ ਆਇਆ ਪਰ ਕੋਈ ਨਜ਼ਰ ਨਾ ਆਇਆ। ਉਹ ਛਬੀਲ ਵਲ ਚਲਾ ਗਿਆ। ਘੜੇ ਖ਼ਾਲੀ ਸਨ। ਪਾਣੀ ਪਿਆਉਣ ਵਾਲਾ ਵੀ ਮੌਜੂਦ ਨਹੀਂ ਸੀ। ਉਹ ਨਿਰਾਸ਼ ਜਿਹਾ ਹੋ ਕੇ ਇਕ ਬੈਂਚ ਤੇ ਬਹਿ ਗਿਆ।

ਅਚਾਨਕ ਉਹਦੀ ਨਜ਼ਰ ਲਾਈਨਾਂ ਪਾਰ ਕਰਦੇ ਹੋਏ ਨੀਲੀ ਵਰਦੀ ਵਾਲੇ ਇਕ ਬੁੱਢੇ ਤੇ ਪਈ। ਉਹ ਤੇਜ਼ ਕਦਮਾਂ ਨਾਲ ਚਲਦਾ ਚਲਦਾ, ਉਹਦੇ ਕੋਲ ਜਾ ਪੁੱਜਾ।

"ਬਜ਼ੁਰਗੋ, ਗੱਲ ਸੁਣਨੀ।"

ਬੁੱਢੇ ਨੇ ਅੱਖਾਂ 'ਤੇ ਹੱਥ ਨਾਲ ਛਾਂ ਕਰਦਿਆਂ ਉਹਦੇ ਵਲ ਵੇਖਿਆ – "ਕੀ ਗੱਲ ਐ ?"

"ਇਸ ਸਟੇਸ਼ਨ ਤੇ ਟਿਕਟ ਕਿਉਂ ਨਹੀਂ ਮਿਲਦੀ ?"

"ਮੈਨੂੰ ਕੀ ਪਤਾ ਹੋਵੇ ? ਮੈਂ ਤੇ ਕਾਂਟੇ ਵਾਲਾ ਹਾਂ।"

ਉਹਨੂੰ ਜਿਵੇਂ ਹਨੇਰੇ ਵਿਚ ਰੋਸ਼ਨੀ ਦੀ ਕਿਰਨ ਨਜ਼ਰ ਆਈ ਉਸ ਨੇ ਖੁਸ਼ ਹੋ ਕੇ ਪੁਛਿਆ।

"ਤੁਸੀਂ ਅਪਣੀ ਡਿਊਟੀ ਤੇ ਜਾ ਰਹੇ ਓ ?"

"ਨਹੀਂ।"

"ਨਹੀਂ !" ਉਹਨੂੰ ਸਦਮਾ ਜਿਹਾ ਹੋਇਆ – "ਪਰ ਕਿਉਂ ?"

"ਡਿਊਟੀ ਕਾਹਦੀ, ਬੜੇ ਚਿਰਾਂ ਤੋਂ ਏਥੇ ਕੋਈ ਗੱਡੀ ਆਈ ਗਈ ਹੀ ਨਹੀਂ।"

"ਗੱਡੀ ਨਹੀਂ ਆਈ ਗਈ !" "ਕਿਉਂ ?"

"ਫੇਰ ਕਿਉਂ ? ਇਹ ਤੂੰ ਉਪਰਲੇ ਹਾਕਮਾਂ ਤੋਂ ਪੁੱਛ। ਮੇਰਾ ਉਹਦੇ ਨਾਲ ਕੋਈ ਸੰਬੰਧ ਨਹੀਂ।"

ਹੁਣ, ਉਹਦੇ ਸਾਹਮਣੇ ਇਕੋ ਹੀ ਰਾਹ ਸੀ ਕਿ ਉਹ ਉਥੋਂ ਦੇ ਸਟੇਸ਼ਨ ਮਾਸਟਰ ਨੂੰ ਮਿਲੇ। ਉਹ ਦਫ-ਤਰ ਵਿਚ ਤਾਂ ਸੀ ਨਹੀਂ – ਕੁਆਰਟਰ 'ਚ ਹੋਣਾ ਚਾਹੀਦੈ। ਉਹ ਉਧਰ ਹੀ ਤੁਰ ਗਿਆ। ਕੁਆਰਟਰ ਬੰਦ ਸਨ। ਉਹਨੇ ਵਡੇ ਕੁਆਰਟਰ ਤੇ ਦਸਤਕ ਦਿਤੀ, ਅੰਦਰੋਂ ਕੋਈ ਜੁਆਬ ਨਾ ਮਿਲਿਆ; ਕਿਸੇ ਦੇ ਤੁਰਨ ਫਿਰਨ ਦੀ ਆਵਾਜ਼ ਵੀ ਨਹੀਂ ਸੀ। ਕੁਝ ਕੁ ਪਲ ਠਹਿਰ ਕੇ ਉਹਨੇ ਜ਼ੋਰ ਨਾਲ ਬੂਹਾ ਖੜਕਾਇਆ – ਓਹੀ ਚੁੱਪ। ਉਹਨੇ ਧੱਕ ਕੇ ਬੂਹਾ ਖੋਲ੍ਹ ਦਿਤਾ, ਅੰਦਰ ਕੋਈ ਨਹੀਂ ਸੀ। ਵਿਹੜੇ ਵਿਚ ਮੰਜੀ ਪਈ ਸੀ ਤੇ ਇਕ ਮੈਲਾ ਸਿਰਹਾਣਾ ਭੁੰਜੇ ਡਿੱਗਾ ਸੀ। ਉਸ ਨੇ ਆਵਾਜ਼ ਦਿਤੀ – 'ਟੇਸ਼ਨ ਮਾਸਟਰ ਸਾਹਿਬ', ਪਰ ਅੰਦਰੋਂ ਕੋਈ ਜਵਾਬ ਨਾ ਆਇਆ। ਉਸ ਨੇ ਇਕ ਕਮਰੇ 'ਚ ਝਾਕ ਕੇ ਵੇਖਿਆ ਕਮਰਾ ਬਿਲਕੁਲ ਖ਼ਾਲੀ ਸੀ, ਜਿਵੇਂ ਉਥੇ ਕੋਈ ਰਹਿ ਨਾ ਰਿਹਾ ਹੋਵੇ। ਦੂਸਰੇ ਕਮਰੇ ਵਿਚ ਇਕ ਟੁੱਟੀ ਭੱਜੀ ਟਰੰਕੀ ਇਕ ਸਟੋਵ ਤੇ ਦੋ ਚਾਰ ਭਾਂਡੇ ਪਏ ਸਨ। ਉਹਨੇ ਸੋਚਿਆ, ਉਹ ਇਸ ਸਟੇਸ਼ਨ ਦੇ ਸਟਾਫ ਦੀ ਉਪਰ ਸ਼ਿਕਾਇਤ ਕਰੇਗਾ।

ਓਸੇ ਵੇਲੇ ਇਕ ਕਮਜ਼ੋਰ ਬਿਮਾਰ ਜਿਹਾ ਆਦਮੀ ਖੰਘਦਾ ਹੋਇਆ ਅੰਦਰ ਆਇਆ ਤੇ ਉਹਨੂੰ ਵੇਖ ਕੇ ਮੁਸਕਰਾ ਪਿਆ। ਉਹ ਸਫ਼ਾਈ ਪੇਸ਼ ਕਰਨ ਦੇ ਅੰਦਾਜ਼ ਵਿਚ ਬੋਲਿਆ –

"ਮੈਂ ਮੁਸਾਫਿਰ ਹਾਂ ਅਤੇ ਇਥੇ ਸਟੇਸ਼ਨ ਮਾਸਟਰ ਨੂੰ ਮਿਲਣ ਆਇਆ ਸਾਂ।"

"ਜੀ ਆਇਆਂ ਨੂੰ – ਆਉ ਬੈਠੋ।" ਉਹ ਸ਼ਖ਼ਸ ਨਰਮੀ ਨਾਲ ਬੋਲਿਆ ਤੇ ਮੰਜੀ ਖਿੱਚ ਕੇ ਬਰਾਂਡੇ ਅਗੇ ਲੈ ਗਿਆ। "ਦੱਸੋ, ਮੈਂ ਹੀ ਸਟੇਸ਼ਨ ਮਾਸਟਰ ਹਾਂ।"

"ਤੁਸੀਂ ! ਮੇਰਾ ਮਤਲਬ ਐ ਤੁਸੀਂ ਦਫਤਰ 'ਚ –"

"ਠੀਕ ਐ, ਮੈਂ ਦਫਤਰ 'ਚ ਨਹੀਂ ਸਾਂ। ਮੈਨੂੰ ਉਥੇ ਹੋਣਾ ਚਾਹੀਦਾ ਸੀ। ਤੁਸੀਂ ਇਹੋ ਈ ਸੋਚ ਰਹੇ ਓ ਨਾ ? ਪਰ ਮੇਰੇ ਉਥੇ ਹੋਣ ਜਾਂ ਨਾ ਹੋਣ ਨਾਲ ਕੋਈ ਫਰਕ ਨਹੀਂ ਪੈਂਦਾ। ਤੁਸੀਂ ਟਿਕਟ ਬਾਊ ਨੂੰ ਸੁੱਤਿਆਂ ਵੇਖਿਆ ਹੋਵੇਗਾ, ਭਲਾ ਉਹਦੇ ਉਥੇ ਹੋਣ ਨਾਲ ਕੋਈ ਫਰਕ ਪੈਂਦੈ !"

"ਉਹ ਦਫਤਰ 'ਚ ਸੁੱਤਾ ਕਿਉਂ ਰਹਿੰਦਾ ਹੈ ?"

"ਇਹ ਉਹਦੀ ਆਦਤ ਹੋ ਗਈ ਐ।"

"ਤੁਸੀਂ ਉਹਦੇ ਖਿਲਾਫ ਕੋਈ ਐਕਸ਼ਨ ਨਹੀਂ ਲੈਂਦੇ ?"

"ਇਹ ਮੇਰੀ ਆਦਤ ਹੋ ਗਈ ਐ।"

"ਜੇ ਕੋਈ ਉਤੇ ਸ਼ਿਕਾਇਤ ਲਿਖ ਭੇਜੇ ਤੇ ਵੱਡਾ ਅਫਸਰ ਆ ਜਾਏ, ਫੇਰ ?"

"ਇਹ ਕਦੀ ਨਹੀਂ ਹੋਣਾ," ਉਹ ਹੱਸਿਆ। "ਕੋਈ ਇੰਸਪੈਕਸ਼ਨ ਤੇ ਨਹੀਂ ਆਏਗਾ। ਉੱਪਰ ਵੀ ਸਾਰੇ ਆਪਣੀ-ਆਪਣੀ ਸੀਟ ਤੇ ਸੁੱਤੇ ਪਏ ਨੇ ਜਾਂ ਸੁੱਤੇ ਹੋਣ ਦਾ ਬਹਾਨਾ ਕਰ ਰਹੇ ਨੇ।

"ਪਰ ਇੰਜ ਕਿਉਂ ਹੈ ?"

"ਇਹ ਜਾਨਣਾ ਜਾਂ ਸੋਚਣਾ ਮੇਰਾ ਕੰਮ ਨਹੀਂ, ਮੈਂ ਇਥੋਂ ਦਾ ਸਟੇਸ਼ਨ ਮਾਸਟਰ ਸੀ – ਜਾਂ ਹਾਂ, ਇਹ ਵੀ ਹੁਣ ਪਤਾ

"ਪਤਾ ਨਹੀਂ, ਕੀ ਮਤਲਬ ?"

"ਬਿਲਕੁਲ ਪਤਾ ਨਹੀਂ, ਹੋ ਵੀ ਨਹੀਂ ਸਕਦਾ। ਕਈ ਵਰ੍ਹੇ ਹੋਏ ਮੈਂ ਇਥੋਂ ਦਾ ਸਟੇਸ਼ਨ ਮਾਸਟਰ ਬਣਾ ਕੇ ਭੇਜਿਆ ਗਿਆ ਸਾਂ। ਮੈਂ ਸੋਚਿਆ ਸੀ ਇਥੇ ਸਭ ਠੀਕ-ਠਾਕ ਕਰ ਦਿਆਂਗਾ। ਪਰ ਕਿਸੇ ਮੇਰਾ ਸਾਥ ਨਹੀਂ ਦਿਤਾ। ਮੇਰੇ ਬੀਵੀ ਬੱਚਿਆਂ ਨੇ ਵੀ ਨਹੀਂ। ਮੈਂ ਇਕੱਲਿਆਂ ਹੀ ਇਹ ਲੜਾਈ ਲੜਦਾ ਰਿਹਾ ਤੇ ਫੇਰ ਇਕ ਦਿਨ ਉਪਰੋਂ ਇਹ ਹੁਕਮ ਆ ਗਿਆ ਕਿ ਮੇਰੀ ਤਬਦੀਲੀ ਕਰ ਦਿਤੀ ਗਈ ਹੈ – ਕਿਥੇ ? ਇਹਦਾ ਕੋਈ ਜਿਕਰ ਨਹੀਂ ਸੀ ਓਸ ਹੁਕਮਨਾਮੇ ਵਿਚ, ਕੋਈ ਮੈਥੋਂ ਚਾਰਜ ਲੈਣ ਵੀ ਨਹੀਂ ਆਇਆ। ਅੱਜ ਤੁਹਾਨੂੰ ਵੇਖ ਕੇ ਮੇਰੇ ਜਿਹਨ 'ਚ ਪਹਿਲਾ ਵਿਚਾਰ ਇਹ ਆਇਆ ਸੀ ਕਿ ਤੁਸੀਂ ਮੈਨੂੰ ਰੀਲੀਵ ਕਰਨ ਆਏ ਹੋ। ਪਰ ਤੁਸੀਂ ਵੀ ਮੁਸਾਫਿਰ ਹੀ ਨਿਕਲੇ।" ਉਹ ਹੱਸ ਪਿਆ।

"ਤੁਹਾਡੇ ਸਟੇਸ਼ਨ ਤੇ ਨਾ ਟਿਕਟ ਹਨ, ਨਾ ਕੋਈ ਬੰਦਾ ਆਪਣੀ ਡਿਊਟੀ ਤੇ ਹੈ ਨਾ ਪਾਣੀ ਲੱਭਦੈ !"

"ਮੈਂ ਸਭ ਜਾਣਦਾ ਹਾਂ।"

"ਸਿਰਫ ਜਾਨਣ ਨਾਲ ਕੀ ਹੁੰਦੈ, ਤੁਸੀਂ ਇਸ ਸਿਲਸਿਲੇ 'ਚ ਉੱਪਰ ਹਾਕਮਾਂ ਨਾਲ ਗੱਲ ਕਿਉਂ ਨਹੀਂ ਕਰਦੇ ?"

"ਕੋਈ ਸਾਧਨ ਨਹੀਂ।"

"ਪਰ ਮੈਂ ਤਾਂ ਜਾਣੈ, ਤੇ ਇਹ ਬੜਾ ਜ਼ਰੂਰੀ ਐ।"

"ਜਾਣਾ ਤਾਂ ਸਭ ਨੇ ਹੈ, ਪਰ ਇਥੇ ਪਿਛਲੇ ਚੌਤੀਆਂ ਵਰ੍ਹਿਆਂ ਤੋਂ ਕੋਈ ਗੱਡੀ ਨਹੀਂ ਆਈ ਗਈ।"

"ਤੇ ਫੇਰ ਮੈਂ ਕੀ ਕਰਾਂ ?" ਉਹ ਨਿਰਾਸ਼ ਹੋ ਕੇ ਬੋਲਿਆ।

"ਜੋ ਤੁਹਾਡੇ ਤੋਂ ਪਹਿਲਾਂ ਆਉਣ ਵਾਲੇ ਹਜ਼ਾਰਾਂ ਲੱਖਾਂ ਲੋਕ ਕਰ ਰਹੇ ਹਨ।"

"ਕੀ –?"

"ਇਹ ਤੁਸੀਂ ਮੈਥੋਂ ਕਿਉਂ ਪੁਛਦੇ ਹੋ। ਆਪ ਕਿਉਂ ਨਹੀਂ ਸੋਚਦੇ ?"

"ਉਹ ਲੱਖਾਂ ਲੋਕ ਹੈਨ ਕਿਥੇ ?"

"ਪਲੇਟ ਫਾਰਮ ਤੇ, ਡਿਓੜੀ 'ਚ, ਬਾਹਰ, ਹਰ ਥਾਂ ਫੈਲੇ ਹੋਏ ਨੇ। ਤੁਸੀਂ ਗ਼ੌਰ ਨਾਲ ਦੇਖਿਆ ਸੁਣਿਆ ਈ ਨਹੀਂ। ਜਾਓ, ਵੇਖੋ, ਉਥੇ ਤਾਂ ਭੀੜ ਲੱਗੀ ਐ। ਖੱਪ ਪਈ ਹੈ, ਮੈਂ ਉਥੋਂ ਈ ਆ ਰਿਹਾ ਹਾਂ।"

"ਉਥੋਂ ਈ ਆ ਰਹੇ ਓ ?" ਇਸ ਵਾਰੀ ਉਸ ਨੇ ਸਟੇਸ਼ਨ ਮਾਸਟਰ ਨੂੰ ਸ਼ੱਕੀ ਨਜ਼ਰਾਂ ਨਾਲ ਵੇਖਿਆ।

"ਤੁਸੀਂ ਮੈਨੂੰ ਇੰਜ ਕਿਉਂ ਵੇਖ ਰਹੇ ਓ – ਮੈਂ ਠੀਕ ਹਾਂ, ਮੈਂ ਉਥੋਂ ਈ ਆਂ ਰਿਹਾਂ। ਉਹਨਾਂ ਨੂੰ ਵੀ ਦੱਸ ਕੇ ਕਿ ਇਥੇ ਚੋਤੀਆਂ ਸਾਲਾਂ ਤੋਂ ਕੋਈ ਗੱਡੀ ਆਈ ਗਈ ਨਹੀਂ। ਜੋ ਸਾਨੂੰ ਸਾਰਿਆਂ ਨੂੰ ਸਾਡੀ ਮੰਜ਼ਿਲ ਤੇ ਪਹੁੰਚਾ ਸਕੇ। ਉੱਪਰ ਤੇ ਸਭ ਸੁੱਤੇ ਪਏ ਨੇ, ਤੁਸੀਂ ਲੋਕ ਈ ਜਾਗੋ। ਸਿਰਫ਼ ਰੌਲਾ ਪਾਉਣ ਤੇ ਇੰਤਜ਼ਾਰ ਕਰਨ ਨਾਲ ਕੁਝ ਨਹੀਂ ਹੋਣ ਲੱਗਾ। ਕੁਝ ਕਰੋ ਕਿ ਗੱਡੀ ਆ ਜਾਏ, ਨਹੀਂ ਤਾਂ –।"

ਸਟੇਸ਼ਨ ਮਾਸਟਰ ਤੇਜ਼ੀ ਨਾਲ ਕੁਆਰਟਰੋਂ ਬਾਹਰ ਨਿਕਲ ਗਿਆ।

– ਅਨੁ. ਜਤਿੰਦਰ ਜੌਲੀ

---

ਕਹਾਣੀ

# ਬਦਲਿਆ ਤੌਰ

○

## ਗੁਰਨਾਮ ਸਿੰਘ

"ਚੌਧਰੀ ਸਾਹਿਬ ! ਮੈਂ ਜੋ ਥੋਨੂੰ ਆਖਤਾ ਬਈ ਭੱਠੀ ਮੇਰੀ ਐ...ਮੈਂ ਪਾਈ ਐ...ਸਰਦਾਰ ਦਾ ਇਹਦੇ 'ਚ ਕੁਝ ਨ੍ਹੀ...ਤੁਸੀਂ ਮੈਨੂੰ ਫੜੋ.., ਜੋ ਕਰਨੈਂ ਮੈਨੂੰ ਕਰੋ।"

ਵੀਰੂ ਦੀ ਗਲ ਸੁਣ ਕੇ ਥਾਣੇਦਾਰ ਖਿੱਚੂ ਰਾਮ ਨੂੰ ਪਤਾ ਨਹੀਂ ਕਿਥੋਂ ਕਹਿਰ ਦਾ ਗੁਸਾ ਚੜ੍ਹ ਆਇਆ ਸੀ। ਉਸਨੇ ਵੀਰੂ ਮਜ਼੍ਹਬੀ ਨੂੰ ਬੱਕਰੇ ਵਾਂਗ ਢਾਅ ਲਿਆ ਅਤੇ ਬੈਤਾਂ ਨਾਲ ਛੱਲੀਆਂ ਵਾਂਗ ਕੁਟਣ ਲਗ ਪਿਆ ਤੋਂਤੜਾਂ ਵਾਂਗ ਪੈਂਦੀਆਂ ਬੈਤਾਂ ਨਾਲ ਵੀਰੂ ਝਾਹੇ ਵਾਂਗ ਕੱਠਾ ਹੋ ਗਿਆ ਸੀ ਤੇ ਉਸ ਦੀ ਸੂਰਤ ਜਿਵੇਂ ਬੌਂਦਲ ਗਈ ਸੀ। ਫੇਰ ਥਾਣੇਦਾਰ ਦੇ ਇਸ਼ਾਰੇ ਤੇ ਸਿਪਾਹੀਆਂ ਨੇ ਚੁਕ ਕੇ ਉਸ ਨੂੰ ਜੀਪ ਵਿਚ ਸੁਟ ਲਿਆ ਅਤੇ ਨਾਲ ਹੀ

ਉਸ ਦੀ ਪਾਈ ਭੱਠੀ ਦਾ ਸਾਰਾ ਸਮਾਨ ਲੱਦ ਲਿਆ ਗਿਆ।

ਵੀਰੂ ਮਜ਼੍ਹਬੀ ਬੰਤਾ ਸਿੰਘ ਸਰਦਾਰ ਦਾ ਸੀਰੀ ਸੀ। ਪੂਰੇ ਦਸ ਵਰ੍ਹਿਆਂ ਤੋਂ ਉਹ ਇਸ ਘਰ ਦਾ ਸੀਰੀ ਲਗਿਆ ਆ ਰਹਿਆ ਸੀ। ਤੇ ਉਸ ਦੀ ਤੀਵੀਂ ਤਾਬੀ ਵੀ ਇਸੇ ਘਰਦਾ ਗੋਹਾ ਕੂੜਾ ਕਰਦੀ।

ਵੀਰੂ ਚਾਰ, ਵਜੇ ਉਠਦਾ। ਪੰਦਰਾਂ ਵੀਹਾਂ ਪਸ਼ੂਆਂ ਦਾ ਗੋਹਾ ਹਟਾਉਂਦਾ। ਮਲਮੂਤਰ ਪਿਛਾਂਹ ਖਿੱਚਦਾ। ਖੁਰਲੀਆਂ ਸਾਫ਼ ਕਰਦਾ। ਹਰਾ ਕੁਤਰਦਾ ਵੰਡ ਰਲਾਉਂਦਾ ਅਤੇ ਘਰਦੇ ਜੀਆਂ ਦੇ ਉਠਣ ਤਕ ਪਸ਼ੂ ਢਾਂਡੇ ਦਾ ਕੰਮ ਨਿਬੇੜ ਦਿੰਦਾ। ਫਿਰ ਏਨੇ ਨੂੰ ਉਸ ਦੀ ਘਰ ਵਾਲੀ ਆ ਜਾਂਦੀ। ਮੂਤਰਾਲ ਹੂੰਝਦੀ ਤੇ ਟੋਕਰੇ ਭਰ ਭਰ ਰੂੜੀ ਤੇ ਸੁਟਦੀ। ਕੰਮ ਕਰਦਿਆਂ ਉਹਨਾਂ ਨੂੰ ਸਿਆਲ ਦੀ ਸਵੇਰ ਦੀ ਠੰਡੀ ਸੀਤ ਲਹਿਰ ਵੀ ਯਾਦ ਨਾ ਰਹਿੰਦੀ। ਜਿਵੇਂ ਉਹਨਾਂ ਦਾ ਇਸ ਘਰ ਨਾਲ ਗਹਿਰਾ ਸਬੰਧ ਹੋਵੇ। ਜਿਵੇਂ ਇਸ ਘਰਦੀ ਮਿੱਟੀ ਨਾਲ ਉਹਨਾਂ ਨੂੰ ਅੰਤਾਂ ਦਾ ਮੋਹ ਹੋਵੇ। ਇਸ ਘਰਦਾ ਨਾ ਮੁਕਣ ਵਾਲਾ ਕੰਮ ਕਰਦੇ ਉਹ ਥੱਕਦੇ ਨਾ। ਉਹਨਾਂ ਨੂੰ ਦਿਨ ਰਾਤ ਖਪਣਦਾ ਗੰਮ ਨਾ ਹੁੰਦਾ।

ਦੂਜੇ ਪਾਸੇ ਬੰਤਾ ਸਿੰਘ ਦਾ ਸੀਰੀ ਹੋਣਾ ਉਹ ਫਖ਼ਰ ਵਾਲੀ ਗਲ ਮੈਸੂਸ ਕਰਦਾ। ਸਰਦਾ ਪੁਜਦਾ ਘਰ। ਚੰਗੀ ਚੋਖੀ ਜ਼ਮੀਨ। ਬਾਈ ਲਾਰਸ ਟਰੈਕਟਰ ਕੋਠੀ ਵਰਗਾਂ ਸੋਹਣਾ, ਹਵੇਲੀ ਵਰਗਾ ਵੱਡਾ ਘਰ ਜਿਸ ਦੀ ਇਕ ਇਕ ਇੱਟ ਵੀਰ ਸਿਉਂ ਦੇ ਹੱਥਾਂ ਵਿਚੋਂ ਲੰਘੀ ਸੀ। ਪੰਦਰਾਂ ਵੀਹ ਵੱਡੇ ਦਲਾਨ 'ਚ ਝੂਮਦੇ ਪਸ਼ੂ। ਕਿੰਨੀ ਠਾਠ ਸੀ ਉਸਦੇ ਮਾਲਕ ਦੇ ਘਰ। ਰਿਸ਼ਤੇਦਾਰ ਵੀ ਸਨਤਾਂ ਵੱਡੇ। ਕੋਠੀ ਕਾਰਾਂ ਬੰਗਲਿਆਂ ਵਾਲੇ ਬਸ ਵੱਡੀਆਂ ਹੀ ਤਾਂ ਸਨ ਸਾਰੀਆਂ ਗੱਲਾਂ' ਤੇ ਏਡੇ ਵੱਡੇ ਘਰ 'ਚ ਰਹਿੰਦਾ ਉਹ ਵੀ ਵੱਡਾ ਵੱਡਾ ਮੈਸੂਸ ਕਰਦਾ। ਭਾਵੇਂ ਉਹ ਆਪਣੇ ਖੋਲੇ ਅਜ ਤਾਈਂ ਸਵਾਰ ਨਹੀਂ ਸੀ ਸਕਿਆ। ਫੇਰ ਵੀ ਉਹ ਜਾਨ ਹੁਲ੍ਹ ਕੇ ਕੰਮ ਕਰਦਾ। ਏਥੋਂ ਤਕ ਕਿ ਉਸ ਦੀਆਂ ਦੋਵੇਂ ਕੁੜੀਆਂ ਤੇ ਮੁੰਡਾ ਵੀ ਇਸ ਘਰਦਾ ਧੰਦਾ ਕਰਨ ਤੋਂ ਕੰਨੀ ਨਾ ਕਤਰਾਉਂਦੇ। 'ਵਾਜ ਪੈਂਦੀ ਤਾਂ ਹੱਥਲੇ ਕੰਮ ਛੱਡ ਕੇ ਤੁਰ ਆਉਂਦੇ।

ਪਿੰਡ 'ਚ ਚਲਦੀ ਹੀ ਸੀ ਬੰਤਾ ਸਿਹੁੰ ਦੀ। ਤੇ ਬਸ ਵੀਰੂ ਵੀ ਆਪਣਾ ਮੈਲਾ ਚਾਦਰਾ, ਆਪਣੇ ਵਿਹੜੇ ਦੇ ਬੰਦਿਆਂ ਵਿਚ ਖਿੱਚ ਕੇ ਬਹਿੰਦਾ। ਮੁੱਛਾਂ ਨੂੰ ਤਾਅ ਦਿੰਦਾ। ਚੱਬ ਕੇ ਗਲ ਕਰਦਾ। ਘੁਰਕੀਆਂ ਵੀ ਦੇ ਜਾਂਦਾ। ਨਿੱਕੇ ਮੋਟੇ ਜੱਟਾਂ ਨੂੰ ਵੀ ਟਿੱਚ ਜਾਣਦਾ। ਕਦੀ ਜੇ ਬੰਤਾ ਸਿੰਘ ਦੀ ਜੂਠੀ ਕੌਲੀ 'ਚ ਅਧੀਆ ਪਊਆ ਪੀ ਆਉਂਦਾ ਤਾਂ ਵਿਹੜੇ ਦੀਆਂ ਕੰਧਾਂ ਵਿਚੋਂ ਮਲੋ ਮਲੀ ਵੱਜਦਾ ਫਿਰਦਾ। ਹਵਾ ਨੂੰ ਗਾਲ੍ਹਾਂ ਦੇਂਦੀ ਜਾਂਦਾ। ਕੋਈ ਬਾਹਰ ਨਾ ਆਉਂਦਾ। ਕੋਈ ਕੁਝ ਨਾ ਕੂੰਦਾ। ਤੇ ਉਹ ਆਪ-ਮੁਹਾਰੇ ਆਖਦਾ ਜਾਂਦਾ, "ਮੈਂ ? ਮੈਂ ਸਰਦਾਰ ਬੰਤਾ ਸਿੰਘ ਦਾ ਸੀਰੀ ਵੀਰ ਸਿੰਘ...ਮੇਰੀ ਵਾਅ ਵਲ ਵੇਖਣ ਵਾਲੇ ਦੀ ਐਸੀ ਤੈਸੀ...ਹੈ ? ਕੋਈ ਝਾਕ ਕੇ ਵੇਖੇ.. ਸੀਰਮੇਂ ਨਾ ਪੀ ਜਾਂ ਆਨੋਂ ਨਾ ਕੱਢਦਿਆਂ।" ਤੇ ਇਉਂ ਆਖਦਾ ਉਹ ਸੱਚੀਂ ਮੁੱਚੀਂ ਕਿਸੇ ਭੁਖੇ ਬਘਿਆੜ ਵਰਗਾ ਲਗਦਾ।

ਇਕ ਵਾਰੀ ਜਦੋਂ ਬੰਤਾ ਸਿੰਘ ਦੇ ਸ਼ਰੀਕ ਉਸ ਨੂੰ ਇਕੱਲਿਆਂ ਵੇਖ ਕੇ ਮਾਰਨ ਆ ਪਏ ਸਨ ਤਾਂ ਵੀਰੂ ਇਕੱਲੇ ਨੇ ਗੰਡਾਸੇ ਮਾਰ ਮਾਰ ਉਹਨਾਂ ਦੇ ਕਪਾਲ ਪਾੜ ਦਿਤੇ ਸਨ। ਤੇ ਉਹ ਬੰਤਾ ਸਿੰਘ ਨੂੰ ਦੁਸ਼ਮਣਾਂ ਵਿਚੋਂ ਵਾਲ ਵਾਲ ਬਚਾ ਲਿਆਇਆ ਸੀ। ਇਸ ਤੋਂ ਬਾਦਤਾਂ ਕਹਿੰਦੇ ਕਹਾਉਂਦੇ ਵੀ ਉਸ ਤੋਂ ਭੈਅ ਮੰਨਣ ਲੱਗ ਪਏ ਸਨ। ਹੁਣ ਕਦੀ ਕਦੀ ਉਹ ਜਦੋਂ ਕੁਝ ਜ਼ਿਆਦਾ ਪੀ ਕੇ ਲਲ੍ਹਕਾਰਾ ਮਾਰ ਦਿੰਦਾ ਤਾਂ ਸੁਣਨ ਵਾਲੇ ਸੁੱਸਰੀ ਵਾਂਗ ਸੌਂ ਜਾਂਦੇ ਹੁਣ ਤਾਂ ਉਹ ਬੰਤਾ ਸਿੰਘ ਦੇ ਘਰ ਦੀ ਥਿਰ ਬਣ ਗਿਆ ਸੀ। ਤੇ ਉਹ ਹੁਣ ਮੁਛ ਮਰੋੜ ਲਾਉਣ ਲਗ ਪਿਆ ਸੀ।

ਬਸ ਇਹੀ ਗਲ ਸੀ ਜੋ ਉਸਨੂੰ ਅੱਧ ਭੁਖੇ ਟੱਬਰ 'ਤੇ ਟਪਣੇ ਨਾਲ ਖਾਧੀਆਂ ਛੱਤਾਂ ਦੀ ਖਬਰ ਤੋਂ ਨਿਸਚਿੰਤ ਰਖਦੀ ਸੀ।

ਬੰਤਾ ਸਿੰਘ ਦੇ ਮੁੰਡੇ ਦਾ ਵਿਆਹ ਆ ਗਿਆ। ਸ਼ਰਾਬ ਦੇ ਦੌਰ ਚੱਲਣੇ ਸਨ। ਚੰਗੀ ਸ਼ਰਾਬ ਦਾ ਪ੍ਰਬੰਧ ਕਰਨਾ ਸੀ। ਘਰ ਵਿਚੋਂ ਸਲਾਹ ਹੋਈ ਵੀਰੂ ਦੇ ਕਹਿਣ 'ਤੇ ਦੋ ਤਿੰਨ ਢੋਲ ਡੇਢ ਮਹੀਨਾਂ ਪਹਿਲਾਂ ਹੀ ਕਮਾਦ ਵਾਲੇ ਖੇਤ ਦੱਬ ਦਿਤੇ ਗਏ। ਤੇਜ ਮਸਾਲੇ ਨੇ ਉਬਾਲ ਖਾਧਾ। ਤੇ ਫਿਰ ਉਚੇ ਲੰਮੇ ਕਮਾਦ ਵਿਚ ਭੱਠੀ ਚਾੜ੍ਹ ਦਿਤੀ ਗਈ। ਜਿਸ ਨੂੰ ਵੀਰੂ ਨੇ ਸੰਭਾਲਣਾ ਸੀ।

ਦੁਸ਼ਮਣ ਨੂੰ ਸੂਹ ਲਗ ਗਈ। ਉਹਨਾਂ ਥਾਣੇ ਜਾਂ ਇਤਲਾਹ ਕੀਤੀ। ਬੰਤਾ ਸਿੰਘ ਉਦੋਂ ਵੀਰੂ ਦੀ ਰੋਟੀ ਲੈ ਕੇ ਖੇਤ ਵਲ ਜਾ ਰਹਿਆ ਸੀ ਜਦੋਂ ਉਸ ਨੇ ਪੁਲੀਸ ਦਾ ਵੱਡਾ ਜੀਪਾ ਪਹੀ ਮੁੜਦਿਆਂ ਵੇਖਿਆ। ਤੇ ਉਹ ਉਥੋਂ ਹੀ ਦਰਖਤ ਦੇ ਉਹਲਿਉਂ ਨਿਕਲਦਾ ਘਰ ਨੂੰ ਪਰਤ ਗਿਆ। ਵੀਰੂ ਨੂੰ ਪਤਾ ਵੀ ਨਾ ਲਗਿਆ ਕਿ ਕਦੋਂ ਪੁਲਸ ਦੇ ਬੰਦਿਆਂ ਨੇ ਕਮਾਦ ਨੂੰ ਚੌਹਾਂ ਪਾਸਿਆਂ ਤੋਂ ਘੇਰ ਲਿਆ ਸੀ।

ਵੀਰੂ ਨੇ ਬੰਤਾ ਸਿੰਘ ਦੇ ਮੁੰਡੇ ਨੂੰ 'ਵਾਜ ਮਾਰੀ ਜਿਹੜਾ ਬਾਹਰੋਂ ਆਉਣ ਜਾਣ ਵਾਲੇ ਦੀ ਖਬਰ ਲਈ ਬਿਠਾਇਆ ਗਿਆ ਸੀ। ਜਦੋਂ ਕੋਈ ਵਾਜ ਨਾ ਪਰਤੀ ਤਾਂ ਵੀਰੂ ਸਮਝ ਗਿਆ ਕਿ ਉਹ ਵੀ ਭੱਜ ਗਿਆ ਸੀ।

ਕੋਈ ਚਾਰਾ ਨਾ ਚਲਦਾ ਵੇਖ ਕੇ ਵੀਰੂ ਥਾਣੇਦਾਰ ਵਲ ਨੂੰ ਹੋ ਤੁਰਿਆ। ਇੱਕ ਸਿਪਾਹੀ ਨੇ ਉਸ ਦੀ ਪੱਗ ਲਾਹ ਕੇ ਉਸਦੀਆਂ ਬਾਹਾਂ ਬੰਨ੍ਹ ਦਿਤੀਆਂ।

"ਕੌਣ ਐ ਤੂੰ ? ਥਾਣੇਦਾਰ ਕੜਕਿਆ।

"ਮੈਂ ਜੀ ਬੰਤਾ ਸਿੰਘ ਸਰਦਾਰ ਦਾ ਸੀਹ ਵੀਰ ਸਿਹੁੰ।"

"ਤੇਰਾ ਸਰਦਾਰ ਕਿਥੇ ਐ ?"

"ਉਹ ਤਾਂ ਜੀ ਕਈ ਦਿਨਾਂ ਤੋਂ ਕਿਸੇ ਨੂੰ ਮਿਲਣ ਗਿਆ ਹੋਇਐ।"

"ਭੱਠੀ ਕੀਹਦੀ ਐ ?

"...ਮੇਰੀ ਐ ਜੀ।"

"ਤੇਰੀ ?"

"ਹਾਂ ਜੀ ਮੇਰੀ......ਕੱਢ ਕੇ ਵੇਚੂੰਗਾ......ਮੇਲਾ ਆਉਣ ਵਾਲੈਂ ਮੈਂ ਕਿਹਾ ਚਾਰ ਪੈਸੇ ਵੱਟ ਲਾਗੇ।"

"ਇਕ ਵਾਰੀ ਫੇਰ ਸੋਚ ਲੈ...ਬਗਾਨੀ ਸ਼ਾਹ ਤੇ ਮੁੱਛਾਂ ਨਾ ਮਨਾ," ਥਾਣੇਦਾਰ ਅਸਲੀਅਤ ਜਾਣਦਾ ਸੀ। ਤੇ ਨਾਲੇ ਡਾਇਰੀ ਵੀ ਬੰਤਾ ਸਿੰਘ ਤੇ ਹੀ ਸੀ।

"ਸੋਚਣ ਵਾਲੀ ਕਿਹੜੀ ਗੱਲ ਐ ਜੀ...ਹੈ ਈ ਮੇਰੀ ...ਮੈਂ ਪਾਈਐ...ਵੇਚਣੀ ਸੀ...ਦੋ ਢੋਲ...।"

"ਸੱਚ ਬੋਲਦੈ ਕਿ ਨਹੀਂ ਓਏ ਕੁੱਤੀ ਦਿਆ ਪੁੱਤਾ" ਕਹਿੰਦਿਆਂ ਥਾਣੇਦਾਰ ਨੇ ਆਪਣੀ ਮੋਟੀ ਬੈਂਤ ਕਾੜ ਕਰਦੀ ਵੀਰੂ ਦੇ ਮੌਰਾਂ 'ਚ ਕੱਢ ਮਾਰੀ।

"ਚੌਧਰੀ ਸਾਹਬ ਮੈ ਜੋ ਥੋਨੂੰ ਆਖਤਾ ਬਈ ਭੱਠੀ ਮੇਰੀ ਐ...ਮੈਂ ਪਾਈ ਐ ਸਰਦਾਰ ਦਾ ਇਹਦੇ 'ਚ ਕੁਝ ਨ੍ਹੀਂ ਤੁਸੀਂ ਮੈਨੂੰ ਫੜੋ ਜੋ ਕਰਨੈਂ ਮੈਨੂੰ ਕਰੋ।"

ਅੱਧ ਮੋਇਆ ਹੋ ਗਿਆ ਸੀ ਉਹ ਜਦੋਂ ਉਸ ਨੂੰ ਚੁਕ ਕੇ ਜੀਪੇ ਵਿਚ ਸੁਟਿਆ ਗਿਆ। ਰਾਹ ਵਿਚ ਜਾਂਦਿਆਂ ਉਠਦੀ ਗਰਦ ਵਿਚੋਂ ਦੀ ਉਹ ਪਿੰਡ ਵਲ ਝਾਕਿਆ ਉਸਨੂੰ ਕੋਈ ਵੀ ਨਾ ਦਿਸਿਆ...ਥਾਣੇ ਜਾ ਕੇ ਉਸ ਦੀ ਫੇਰ ਚਮੜੀ ਉਧੇੜੀ ਗਈ। ਉਸ 'ਤੇ ਮਜ਼ਬੂਤ ਕੇਸ ਬਣਿਆ। ਮੁਕੱਦਮਾਂ ਚਲਿਆਂ। ਅੰਤ ਉਸਨੂੰ ਛੇ ਮਹੀਨੇ ਕੈਦ ਅਤੇ ਦੋ ਹਜ਼ਾਰ ਰੁਪਇਆ ਜੁਰਮਾਨਾਂ ਹੋ ਗਿਆ।

ਛੇਆਂ ਮਹੀਨਿਆਂ ਦੀ ਕੈਦ ਦੌਰਾਨ ਇਕ ਵਾਰੀ ਵੀ ਨਾ ਬੰਤਾ ਸਿੰਘ ਤੇ ਨਾ ਉਸ ਦਾ ਕੋਈ ਹੋਰ ਉਸਦੀ ਮੁਲਾਕਾਤ ਲਈ ਆਇਆ। ਤਾਬੀ ਆਉਂਦੀ ਉਸ ਦੇ ਬੱਚੇ ਆਉਂਦੇ ਰੋਂਦੇ ਕੁਰਲਾਉਂਦੇ ਤੁਰ ਜਾਂਦੇ। ਝੜ ਗਏ ਖੰਭਾਂ ਵਾਲੇ ਪੰਛੀ ਵਾਂਗ ਵੀਰੂ ਫੜਫੜਾ ਕੇ ਸੀਖਾਂ ਦੇ ਮਜ਼ਬੂਤ ਦਰਵਾਜ਼ੇ ਨਾਲ ਨਿੱਸਲ ਜਿਹਾ ਹੋ ਕੇ ਬਹਿ ਜਾਂਦਾ। ਬੰਤਾ ਸਿੰਘ ਬਾਰੇ ਸੋਚਦਾ ਤਾਂ ਉਸ ਦੀ ਦੇਹ ਕੰਬਦੀ ਤੇ ਉਹ ਕਬਾਬ ਵਾਂਗ ਭੁੱਜਦਾ। ਉਸ ਨੂੰ ਸਰਦਾਰ ਤੇ ਕੀਤੇ ਅਹਸਾਨ ਮੁੜ ਮੁੜ ਚੇਤੇ ਆਉਂਦੇ। ਤੇ ਉਸ ਦਾ ਸੀਨਾ ਗੁੱਸੇ ਨਾਲ ਪੱਛਿਆ ਜਾਂਦਾ। ਦਿਨ ਗਿਣਦਿਆਂ ਉਸ ਦੀ ਕੈਦ ਮੁਕ ਗਈ। ਕੈਦ ਕੱਟ ਕੇ ਬਾਹਰ ਨਿਕਲਿਆ। ਉਸਦੀ ਦਾਹੜੀ ਪੂਨੀ ਤੋਂ ਥੱਲੇ ਤੀਕ ਵਧ ਗਈ ਸੀ। ਮੁੱਛਾਂ ਥੱਲੇ ਵਲ ਨੂੰ ਲਟਕ ਗਈਆਂ ਸਨ। ਕਾਲੀ ਚਮੜੀ ਸਿਆਹ ਹੋ ਗਈ ਸੀ। ਮੱਥੇ ਤੇ ਤਿਉੜੀਆਂ ਪਾਈ ਉਹ ਗੂੜ੍ਹੇ ਅਨ੍ਹੇਰੇ ਵਿਚ ਘਰ ਜਾ ਵੜਿਆ। ਸਵੇਰ ਹੋਈ। ਉਹ ਉਠਿਆ। ਪੀੜਾਂ ਦੀ ਕਸਕ ਨੇ ਉਸ ਨੂੰ ਮਾਂ ਯਾਦ ਕਰਵਾ ਦਿਤੀ। ਉਸ ਨੇ ਵਾਜ ਮਾਰੀ। ਪਰ ਤਾਬੀ ਤਾਂ ਪਤਾ ਨਹੀਂ ਕਿਹੜੇ ਵੇਲੇ ਦੀ ਗੋਹਾ ਕੂੜਾ ਕਰਨ ਚਲੀ ਗਈ ਸੀ। ਉਠ ਕੇ ਉਸ ਨੇ ਮੂੰਹ ਹੱਥ ਧੋਤਾ। ਮਾਰੂ ਜਿਹੀ ਚਾਹ ਦੀਆਂ ਦੋ ਘੁੱਟਾਂ ਭਰ ਕੇ ਉਹ ਬੰਤੇ ਸਰਦਾਰ ਦੀ ਹਵੇਲੀ ਨੂੰ ਹੋ ਤੁਰਿਆ।

ਦਰਵਾਜ਼ੇ ਵੜਦਿਆ ਹੀ ਪਸ਼ੂਆਂ ਨੇ ਆਲ ਕੇ ਉਹਦੇ ਵਲ ਵੇਖਿਆ। ਕੰਨ ਫੜ ਕੇ। ਪੂਛਾਂ ਮਾਰੀਆਂ। ਗੋੜੇ ਕੱਢੇ। ਉਸ ਨੇ ਸਾਰਿਆਂ ਪਸ਼ੂਆਂ ਨਾਲ ਅੱਖਾਂ ਮਿਲਾਈਆਂ। ਉਸਨੇ ਵੇਖਿਆ ਕਿ ਸਾਰੇ ਬੇਵਾਕ ਜੀਵ ਉਸ ਨੂੰ ਜਿਵੇਂ ਤਰਸ ਗਏ ਹਨ। ਉਸ ਦਾ ਦਿਲ ਨੱਕੋ ਨੱਕ ਭਰ ਗਿਆ ਪਰ ਉਹ ਕਸੀਸ ਜਿਹੀ ਵੱਟ ਕੇ ਅਗੇ ਲੰਘ ਗਿਆ। ਪਤਾ ਨਹੀਂ ਕਿਹੜੇ ਵੇਲੇ ਕੋਠੀ ਤੋਂ ਉਤਰ ਕੇ ਟਾਈਗਰ ਉਸ ਦੇ ਪੈਰਾਂ ਵਿਚ ਲਿਟਣ ਲਗ ਪਿਆ ਸੀ। ਕੁੱਤਾ ਉਸ ਦੇ ਪੈਰਾਂ ਨੂੰ ਇਕੋ ਸਾਹੇ ਚੱਟੀ ਜਾ ਰਹਿਆ ਸੀ। ਪਰ ਉਹ ਪਹਿਲਾਂ ਵਾਂਗ ਬੈਠ ਕੇ ਉਸ ਨੂੰ ਪਿਆਰ ਨਾ ਦੇ ਸਕਿਆ। ਉਸਦੀਆਂ ਪਲਕਾਂ ਤੇ ਪਾਣੀ ਫਿਰ ਗਿਆ। ਤੇ ਉਹ ਅਗੇ ਲੰਘ ਗਿਆ। ਹੁਣ ਤੀਕ ਸਭ ਨੂੰ ਉਸਦੇ ਆਉਣ ਦਾ ਪਤਾ ਲਗ ਚੁਕਾ ਸੀ। ਆ ਬਈ...ਆ ਬਈ ਹੋਣ ਲਗ ਪਈ। ਪਰ ਉਸ ਨੇ ਕਿਸੇ ਨੂੰ ਵੀ ਚੰਗੀ ਤਰ੍ਹਾਂ ਨਾ ਬੁਲਾਇਆ ਨਾ ਸਾਸਰੀ ਅਕਾਲ ਕੀਤੀ।

"ਤਾਬੀ...ਰੱਖਦੇ ਟੋਕਰਾ...ਇਹ ਮੁਤਗਲ ਨ੍ਹੀਂ ਚੁਕਣੀ ਹੁਣ ਆਪਾਂ। ਚਲ ਘਰ ਨੂੰ" ਟੋਕਰਾ ਭਰਦੀ ਤਾਬੀ ਨੇ ਹੈਰਾਨੀ ਨਾਲ ਆਪਣੇ ਪਤੀ ਵਲ ਵੇਖਿਆ।

"ਕਿਉਂ ਹੁਣ ਕੀ ਹੋ ਗਿਆ...?"

"ਮੈਂ ਜੋ ਤੈਨੂੰ ਆਖਤਾ...ਛੱਡ ਦੇ ਟੋਕਰਾਂ ਤੇ ਚਲੀ ਜਾ ਘਰ ਨੂੰ।" ਤਾਬੀ ਆਪਣੇ ਪਤੀ ਦੀਆਂ ਅੱਖਾਂ ਵਿਚ ਝਾਕੀ ਉਸ ਦੀ ਹੋਰ ਕੁਝ ਆਖਣ ਦੀ ਹਿੰਮਤ ਨਾ ਪਈ ਤੇ ਉਹ ਚੁਪ ਚਾਪ ਟੋਕਰਾ ਥਾਏਂ ਰੱਖ ਕੇ ਦਰਵਾਜਿਓਂ ਬਾਹਰ ਨਿਕਲ ਗਈ।

"ਸੁਣਾ ਕਦੋਂ ਆਇਆ ਸੀ ਵੀਰ ਸਿਆਂ...... ਬਹਿਜਾ।" ਬੰਤਾ ਸਿੰਘ ਨੇ ਕੋਲ ਆਉਂਦਿਆਂ ਇਕ ਟੁਟੀ ਜਿਹੀ ਮੰਜੀ ਵੱਲ ਇਸ਼ਾਰਾ ਕਰਦਿਆਂ ਕਹਿਆ।

— "ਨਹੀਂ, ਮੈਂ ਬਹਿਣਾ ਨੀਂ...ਮੈਂ ਸਾਹਬ ਕਰਨ ਆਇਆਂ ਦਸਾਂ ਸਾਲਾਂ ਦਾ। ਮੈਂ ਤੇਰੇ ਸੀਰ ਨੀਂ ਕਰਨਾ ਹੁਣ।" ਵੀਰੂ ਨੇ ਤੁਸੀਂ ਜੀ ਦੀ ਥਾਂ ਤੂੰ ਆਖਦਿਆਂ ਗੱਲ ਦਾ ਰੁਖ ਮੋੜ ਦਿਤਾ ਤੇ ਬੰਤੇ ਸਰਦਾਰ ਨੂੰ ਚੂੜੇ ਦੀ ਜ਼ਿਆਦਤੀ ਤੇ ਸੜੀ ਕੱਪੜੀਂ ਅੱਗ ਲਗ ਗਈ।

"ਕਰ ਦਿਆਂਗੇ ਹਿਸਾਬ...ਆਜੀਂ ਦੁਪਹਿਰੇ" ਆਖ ਕੇ ਬੰਤਾ ਸਿੰਘ ਫਿਰ ਅੰਦਰ ਵੜ ਗਿਆ।

ਹਿਸਾਬ ਹੋਇਆ। ਪੰਜ ਸੌ ਰੁਪਈਆ ਵੀਰੂ ਦੇ ਸਿਰ ਟੁੱਟਿਆ। ਦੋ ਹਜ਼ਾਰ ਜੁਰਮਾਨਾ ਭਰਿਆ ਗਿਆ ਸਾਂਝੇ ਪੰਜ ਸੌ ਵੀਰੂ ਨੇ ਖਰਚਿਆਂ ਲਈ ਪਹਿਲਾਂ ਲਿਆ ਹੋਇਆ ਸੀ। ਤੇ ਦਸਾਂ ਸਾਲਾਂ ਦਾ ਪਿਛਲਾ ਹਿਸਾਬ ਬਰਾਬਰ ਹੀ ਸੀ।

"ਤੈਨੂੰ ਇਕ ਹਫ਼ਤਾ ਦਿੱਤਾ...ਪੈਸੇ ਮੁੜਨੇ ਚਾਹੀਦੇ ਐ...ਨੀ ਸ਼ਾਨੂੰ ਜਾਣਦੈਂ...ਜਿਥੋਂ ਆਇਐ ਉਥੇ ਫੇਰ ਜਾਣਾ ਪਊ...ਪੈਸੇ...? ਪੈਸੇ ਵੀ ਅਸੀਂ ਲੈਣੇ ਜਾਣਦੇ ਆਂ..." ਬੰਤਾ ਸਿੰਘ ਨੇ ਜਗੀਰੂ ਹੈਂਕੜ ਦਿਖਾਈ।

"ਗਿਣ ਗਿਣ ਦੇਊਂ ਮੈਂ ਤੈਨੂੰ ਟੱਕੇ...ਲੈਂ ਲੀ ਆ ਕੇ ਜਿੱਦਣ ਤੇਰੀ ਸਲਾਹ ਹੋਈ।" ਆਖਦਿਆਂ ਵੀਰੂ ਦਰਵਾਜਿਉਂ ਬਾਹਰ ਹੋ ਗਿਆ।

ਬੰਤਾ ਸਿੰਘ ਜਿਹੜਾ ਛੇੜ ਖਾਧੇ ਸੱਪ ਵਾਂਗ ਉਸਦੇ ਗਲ ਪੈਣ ਲਗਾ ਸੀ ਪਰ ਵੀਰੂ ਦੀਆਂ ਅੱਖਾਂ ਦਾ ਖ਼ੁਦ-ਲਿਆ ਤੌਰ ਵੇਖ ਕੇ ਨੀਵੀਂ ਪਾ ਗਿਆ। ਉਸ ਨੂੰ ਉਹ ਦਿਨ ਯਾਦ ਆ ਗਿਆ ਜਿਸ ਦਿਨ ਉਸ ਨੂੰ ਦੁਸ਼ਮਣਾਂ ਨੇ ਘੇਰ ਲਿਆ ਸੀ ਪਰ ਵੀਰੂ ਸੀ ਜੋ ਹਟਾਇਆਂ ਵੀ ਨਹੀਂ ਸੀ ਹਟਿਆ। ਤੇ ਉਸਨੇ ਦਸਾਂ ਬਾਰਾਂ ਬੰਦਿਆਂ ਨੂੰ ਖੱਖੜਾਂ ਕਰ ਦਿਤਾ ਸੀ। ਬੰਤਾ ਸਿਹੁੰ ਨੇ ਚੁਪ ਭਲੀ ਸਮਝੀ। ਉਸਦੀ ਹਿੰਮਤ ਨਾ ਪਈ ਕਿ ਉਹ ਉਠ ਕੇ ਵੀਰੂ ਨੂੰ ਘੇਰ ਲਵੇ।

"ਕੁੱਤੀ ਚੂੜ੍ਹਮੂ !!" ਆਖਦਿਆਂ ਉਸ ਨੇ ਕੰਬਦਿਆਂ ਹੱਥਾਂ ਨਾਲ ਬਹੀ 'ਤੇ ਰੱਸੀ ਬੰਨ੍ਹ ਦਿਤੀ।

---

ਕਹਾਣੀ

# ਕਿੰਨੇ ਸਾਰੇ ਖਾਲਿਸਤਾਨ

o

## ਹਮਦਰਦਵੀਰ ਨੌਸ਼ਹਿਰਵੀ

— ਆਓ, ਕਿਸ ਤਰ੍ਹਾਂ ਆਉਣਾ ਹੋਇਆ?

— ਬਾਬਾ ਜੀ, ਇਹ ਮਰਦਮ ਸ਼ੁਮਾਰੀ ਵਾਲੇ ਨੇ।

— ਹੱਛਾ, ਹੱਛਾ, ਆਓ ਫਿਰ ਆਪਾਂ ਅੰਦਰ ਬੈਠਕ ਵਿਚ ਬੈਠਦੇ ਆਂ। ਤੁਸੀਂ ਤਾਂ ਕਈ ਕੁਝ ਪੁਛਣਾ ਤੇ ਲਿਖਣਾ ਹੋਵੇਗਾ। ਕਾਕਾ ਚਾਹ ਲਈ ਆਖੀਂ।

— ਨਹੀਂ ਬਾਬਾ ਜੀ ਚਾਹ ਦੀ ਲੋੜ ਨਹੀਂ। ਮੈਂ ਤਾਂ ਹਾਲੀਂ ਕਈ ਘਰੀਂ ਜਾਣਾ ਏਂ। ਬੜਾ ਕੁੱਤਾ ਕੰਮ ਏਂ। ਇਕ ਇਕ ਜੀਅ ਬਾਰੇ ਕਈ ਕੁਝ ਲਿਖਣਾ ਪੈਂਦਾ ਹੈ।

ਸਰਕਾਰੀ ਕਰਮਚਾਰੀ ਟੇਬਲ ਉਤੇ ਕਾਗਜ਼ ਖੋਲ੍ਹ ਕੇ ਪੁਛਦਾ ਏ — ਬਾਬਾ ਜੀ, ਤੁਹਾਡਾ ਨਾਂ?

— ਭਰਪੂਰ ਸਿੰਘ।

— ਉਮਰ?

— ਬਹਤਰ ਸਾਲ।

— ਧਰਮ?

— ਸਿੱਖ।

— ਜ਼ਾਤ?

— ਜੱਟ।

— ਕਿੱਤਾ?

— ਏਅਰ ਫੋਰਸ ਵਿਚੋਂ ਰੀਟਾਇਅਰਡ। ਹੁਣ ਖੇਤੀ ਦੀ ਦੇਖ ਭਾਲ।

— ਬੋਲੀ?

— ਜਿਸ ਬੋਲੀ ਵਿਚ ਤੁਸੀਂ ਸਵਾਲ ਪੁਛ ਰਹੇ ਹੋ। ਜੋ ਬੋਲੀ ਮੈਂ ਬੋਲ ਰਿਹਾ ਹਾਂ।

— ਫਿਰ ਮੈਂ ਬੋਲੀ ਦੇ ਖ਼ਾਨੇ ਵਿਚ ਪੰਜਾਬੀ ਭਰਾਂ?

— ਹੋਰ ਕਿਤੇ ਤੂੰ ਪਸ਼ਤੋਂ ਭਰੇਂਗਾ?

— ਤੁਹਾਡੇ ਪੁਤਰ ਧੀਆਂ! ਵਾਰੀ ਵਾਰੀ ਦੱਸੋ।

— ਸਭ ਤੋਂ ਵੱਡਾ ਹਰਪਾਲ ਸਿੰਘ।

— ਉਮਰ?

— ਉਮਰ!......

— ਹਾਂ ਉਮਰ! ਕੀ ਸੋਚ ਰਹੇ ਹੋ ਬਾਬਾ ਜੀ?

— ਅਸਲ ਵਿਚ ਮਹੋਕਮ ਜੀ, ਸਰਦਾਰ ਹਰਪਾਲ ਸਿੰਘ ਮੇਰੇ ਪਿਤਾ ਜੀ ਦਾ ਨਾਮ ਹੈ। ਉਹਨਾਂ ਦੀ ਮੌਤ ਹੋ ਚੁਕੀ ਹੈ।

— ਗੁਰਪਾਲ ਤੂੰ ਤਾਂ ਮੈਨੂੰ ਪਹਿਲਾਂ ਕਦੀ ਦੱਸਿਆ ਹੀ ਨਹੀਂ ਸੀ। ਹੱਛਾ ਬਾਬਾ ਜੀ, ਆਪਣੇ ਦੂਜੇ ਪੱਤਰ ਬਾਰੇ ਦੱਸੋ। ਨਾਮ?

— ਗੁਰਦੀਪ ਸਿੰਘ।

— ਬਾਬਾ ਜੀ ਸਿਰਫ਼ ਉਹਨਾਂ ਜੀਆਂ ਬਾਰੇ ਹੀ ਦੱਸਣਾ ਜਿਹੜੇ ਏਥੇ ਤੁਹਾਡੇ ਪਾਸ ਪੱਕੇ ਤੌਰ ਤੇ ਰਹਿੰਦੇ ਹੋਣ।

— ਕਾਕਾ, ਮੇਰੇ ਗੁਰਦੀਪ ਨੇ ਮੇਰੇ ਪਾਸ ਤਾਂ ਕੀ ਰਹਿਣਾ ਸੀ। ਉਹ ਤਾਂ ਹੁਣ ਇਸ ਜਹਾਨ ਵਿਚ ਵੀ

ਨਹੀਂ ਕਹਿੰਦਾ।

ਬਾਬਾ ਭਰਪੂਰ ਸਿੰਘ ਬਹੁਤ ਉਦਾਸ ਹੋ ਜਾਂਦਾ ਹੈ। ਮੋਟੇ ਸ਼ੀਸ਼ਿਆਂ ਵਾਲੀ ਐਨਕ ਪਰੇ ਕਰਕੇ ਅੱਖਾਂ ਪੂੰਝਦਾ ਹੈ। ਬਾਬਾ ਜੀ ਦਾ ਪੋਤਾ ਗੁਰਪਾਲ ਬਾਕੀ ਜੀਆਂ ਬਾਰੇ ਜਾਣਕਾਰੀ ਦਰਜ ਕਰਵਾਉਂਦਾ ਹੈ। ਆਪਣੀ ਦਾਦੀ ਵੀਰਾਂਵਤੀ, ਆਪਣੀ ਮਾਂ ਕੁਲਵੰਤ ਕੌਰ ਅਤੇ ਆਪਣੇ ਬਾਰੇ ਸਭ ਕੁਝ ਦਰਜ ਕਰਵਾਉਂਦਾ ਹੋਇਆ ਧਰਮਦਾਸ ਦਾ ਨਾਂ ਬੋਲਦਾ ਹੈ।

— ਧਰਮ ਸਿੰਘ ?

— ਨਹੀਂ ਧਰਮਦਾਸ।

ਇਸ ਵਾਰ ਬਾਬਾ ਜੀ ਮਾਣਮੱਤੀ ਸਵਰ ਵਿਚ ਬੋਲਦੇ ਹਨ — ਹਾਂ ਧਰਮਦਾਸ। ਮੇਰਾ ਤੀਜਾ ਪੁੱਤਰ।

— ਉਮਰ ?

— ਕੋਈ ਚੌਂਤ੍ਰੀ ਪੈਂਤ੍ਰੀ ਸਾਲ।

— ਧਰਮ ?

— ਹਿੰਦੂ।

— ਹਿੰਦੂ ?

— ਹਾਂ ਹਿੰਦੂ।

— ਪਰ ਤੁਸੀਂ ਤਾਂ......।

— ਅਸੀਂ ਤਾਂ ਕੀ ?

ਕੁਝ ਸਮੇਂ ਤੱਕ ਮਾਹੌਲ ਵਿਚ ਹੈਰਾਨੀ ਤੇ ਬੇ-ਵਿਸ਼ਵਾਸੀ ਬਣੀ ਰਹਿੰਦੀ ਹੈ।

— ਚੰਗਾ ਗੁਰਪਾਲ ਮੈਂ ਹੁਣ ਚਲਦਾ। ਸ਼ਾਮ ਨੂੰ ਜ਼ਰੂਰ ਪਹੁੰਚ ਜਾਵੀਂ — ਸ਼ਿਵ ਮੰਦਿਰ। ਪੂਰੇ ਪੰਜ ਵਜੇ। ਪਤਾ ਏ ਨਾ — ਐਂਟੀ ਰੀਜ਼ਰਵੇਸ਼ਨ ਫਰੰਟ ਦੀ ਮੀਟਿੰਗ ਏ। ਕਾਇਮ ਹੋ ਜਾ। ਪੰਜਾਬ ਗੁਜਰਾਤ ਤੋਂ ਪਿਛੇ ਨਾ ਰਹੇ।

— ਠਹਿਰ ਯਾਰ! ਮੈਂ ਪਾਣੀ ਦਾ ਗਲਾਸ ਲੈ ਕੇ ਆਇਆ। ਚਾਹ ਤਾਂ ਤੂੰ ਪੀਤੀ ਨਹੀਂ।

ਗੁਰਪਾਲ ਪਾਣੀ ਲੈਣ ਚਲਾ ਗਿਆ ਹੈ।

ਮੋਹਕਮ ਚੰਦ ਰਹਿੰਦੇ ਖ਼ਾਨੇ ਪੂਰੇ ਕਰਕੇ ਕਾਗ਼ਜ਼ ਇਕੱਠੇ ਕਰਨ ਲੱਗਦਾ ਹੈ।

ਬਾਬਾ ਜੀ ਮੂਕ ਮੁਦਰਾ ਤੋਂ ਜਾਗਦੇ ਹਨ।

ਧਰਮਦਾਸ ਦੀ ਬੋਲੀ ਤਾਂ ਤੂੰ ਪੁਛੀ ਹੀ ਨਹੀਂ।

— ਪੁੱਛਣ ਦੀ ਮੈਂ ਲੋੜ ਹੀ ਮਹਿਸੂਸ ਨਹੀਂ ਕੀਤੀ।

— ਵੈਸੇ ਤੂੰ ਠੀਕ ਵੀ ਏਂ। ਬੋਲੀ ਪੁੱਛਣ ਦੀ ਲੋੜ ਹੀ ਕੀ ਏ। ਹਰ ਪੰਜਾਬੀ ਦੀ ਬੋਲੀ ਪੰਜਾਬੀ ਤੋਂ ਵੱਖਰੀ ਕਿਵੇਂ ਹੋ ਸਕਦੀ ਏ!

— ਹੋ ਕਿਉਂ ਨਹੀਂ ਸਕਦੀ? ਜਿਵੇਂ ਮੇਰੀ ਬੋਲੀ ਹਿੰਦੀ ਹੈ। ਧਰਮਦਾਸ ਦੀ ਬੋਲੀ ਹਿੰਦੀ ਏ।

ਬਾਬਾ ਜੀ ਕੜਕ ਕੇ ਕਹਿੰਦੇ ਹਨ — ਨਹੀਂ ਧਰਮ ਦੀ ਬੋਲੀ ਹਿੰਦੀ ਨਹੀਂ — ਪੰਜਾਬੀ ਏ।

— ਚੰਗਾ ਜੀ ਖ਼ਫ਼ਾ ਨਾ ਹੋਵੋ। ਮੈਂ ਕੱਟ ਕੇ ਪੰਜਾਬੀ ਹੀ ਲਿਖ ਦਿਆਂਗਾ।

ਮੋਹਕਮ ਚੰਦ ਨੇ ਕਾਗ਼ਜ਼ ਪਹਿਲਾਂ ਹੀ ਝੋਲੇ ਵਿਚ ਪਾ ਲਏ ਹਨ।

ਅੱਧਾ ਗਿਲਾਸ ਪਾਣੀ ਦਾ ਪੀ ਕੇ ਮੋਹਕਮ ਚੰਦ ਚਲਾ ਗਿਆ ਹੈ। ਬਾਕੀ ਬਚਿਆ ਜੂਠਾ ਪਾਣੀ ਟੇਬਲ ਉਤੇ ਪਿਆ ਹੈ। ਬਾਬਾ ਜੀ ਕੁਰਸੀ ਵਿਚ ਅਧਲੇਟੇ ਕਿਸੇ ਗਹਿਰੀ ਸੋਚ ਵਿਚ ਲੀਨ ਹਨ।

ਜਿਵੇਂ ਅਜ ਫਿਰ ਪਾਕਿਸਤਾਨ ਬਣਿਆ ਹੈ।

ਧੂਆਂ ਹੈ। ਸੇਕ ਹੈ। ਅੰਤਰ ਹੈ। ਜਲਨ ਹੈ। ਲੋਅ ਅੱਗ ਹੈ। ਲਾਟ ਧੁੱਪ ਹੈ। ਲੰਮਾ ਨਿੰਘ ਹੈ। ਘੁਟਨ ਹੈ। ਜਲਨ ਹੈ। ਰੁਦਨ ਹੈ। ਗਲੀ ਮੁਹੱਲੇ ਲੜ ਰਹੇ ਹਨ। ਸਾਂਝੀਆਂ ਕੰਧਾਂ ਵਾਲੇ ਮਕਾਨ ਭਿੜ ਰਹੇ ਹਨ। ਘਰ ਸੜ ਰਹੇ ਹਨ। ਪਿੰਡ ਉਜੜ ਗਏ ਹਨ। ਉਹ ਮੈਦਾਨ ਜਿਥੇ ਪੁਸ਼ਤਾਂ ਤੋਂ ਬੱਚੇ ਖੇਡਦੇ ਆ ਰਹੇ ਹਨ, ਵੀਰਾਨ ਪਏ ਹਨ। ਭੰਡਾਰ ਬਿਖਰ ਗਏ ਨੇ। ਪੂਣੀਆਂ ਸੜ ਰਹੀਆਂ ਨੇ। ਦੋਸਤੀ ਦੀ ਸੱਜਰੀ ਕਬਰ ਉਤੇ ਬੈਠਾ ਮਜ਼੍ਹਬ ਦਾਰੂ ਪੀ ਰਿਹਾ ਹੈ। ਹਰ ਪਾਸੇ ਬਚਾਓ ਬਚਾਓ ਦੀਆਂ ਅਵਾਜ਼ਾਂ ਆ ਰਹੀਆਂ ਹਨ। ਪਰ ਕੌਣ ਕਿਸ ਨੂੰ ਬਚਾਵੇ। ਲਾਸ਼ਾਂ ਹਨ। ਲਹੂ ਹੈ। ਸਿਸਕੀਆਂ ਹਨ। ਆਹਾਂ ਹਨ। 'ਹਾਏ ਮੈਂ ਮਰ ਗਿਆ। ਭਰਪੂਰ ਮਿੱਤਰਾ ਮੇਰੇ ਪੁੱਤਰ ਨੂੰ ਸੰਭਾਲੀਂ। ਆਪਣਾ ਪੁੱਤਰ ਬਣਾਵੀਂ। ਬੱਸ ਹੁਣ ਏਹੋ ਹੀ ਮੇਰੀ ਬਾਕੀ ਹੈ — ਤੇਰੇ ਜਿਗਰੀ ਮਿਤਰ ਦੀ ਬਾਕੀ।' ਪਿੱਠ ਪਿਛੋਂ ਵੱਜੀ ਗੋਲੀ। ਹਨੇਰੇ ਵਿਚ ਭਰਪੂਰ ਸਿੰਘ ਦੇ ਨਾਲ ਨਾਲ ਦੌੜ ਰਹੇ ਉਸ ਦੇ ਮਿੱਤਰ ਕਰਮਚੰਦ ਦੀ ਵੱਖੀ ਚੀਰਦੀ ਪਾਰ ਹੋ ਗਈ ਹੈ। ਕਰਮ ਚੰਦ ਉਥੇ ਹੀ ਢਹਿ ਢੇਰੀ ਹੋ ਗਿਆ ਹੈ। ਰੋ ਰਹੇ ਮਾਸੂਮ ਬੱਚੇ ਨੂੰ ਉਸ ਨਾਲੋਂ ਲਾਹ ਕੇ ਭਰਪੂਰ ਸਿੰਘ ਨੇ ਚੁਕ ਲਿਆ ਹੈ। ਵੀਰਾਂਵਤੀ ਨੇ ਬੱਚਾ ਆਪਣੇ ਪਤੀ ਪਾਸੋਂ ਲੈ ਕੇ ਆਪਣੀ ਛਾਤੀ ਨਾਲ ਘੁਟ ਲਿਆ ਹੈ। ਬੱਚਾ ਹੁਣ ਰੋਣੋਂ ਚੁੱਪ ਕਰ ਗਿਆ ਹੈ।

ਲਾਇਲਪੁਰ ਜ਼ਿਲੇ ਦਾ ਚੱਕ ਸਤਾਰਾਂ ਐਲ ਬਹੁਤ ਪਿੱਛੇ ਰਹਿ ਗਿਆ ਹੈ। ਪਰ ਯਾਦ ਵਿਚ ਰੋਜ਼ ਤਾਜ਼ਾ ਹੋ ਜਾਂਦਾ ਹੈ। ਉਹ ਪਾਕਿਸਤਾਨ ਨੂੰ ਲੱਖ ਭੁਲਾਣ ਦਾ ਯਤਨ ਕਰਦਾ ਹੈ। ਪਰ ਹਰ ਦੂਜੇ ਤੀਜੇ ਦਿਨ ਭਰਪੂਰ ਸਿੰਘ ਦੀਆਂ ਅੱਖਾਂ ਸਾਹਮਣੇ ਕੋਈ ਹੋਰ ਪਾਕਿ-ਸਤਾਨ ਵਾਪਰ ਜਾਂਦਾ ਹੈ। ਚੀਸ ਮਿਟਦੀ ਨਹੀਂ। ਯਾਦ ਭੁੱਲਦੀ ਨਹੀਂ। ਦਰਦ ਮੱਠਾ ਹੁੰਦਾ ਹੀ ਨਹੀਂ। ਜ਼ਖ਼ਮ ਰਾਜ਼ੀ ਹੁੰਦਾ ਹੀ ਨਹੀਂ। ਚੀਸ ਕਿਵੇਂ ਮਿਟੇ। ਦਰਦ

ਕਿਵੇਂ ਜਾਵੇ। ਜ਼ਖ਼ਮ ਕਿਵੇਂ ਭਰੇ।

ਧਰਮਦਾਸ ਹੁਣ ਕੋਈ ਚੌਂਤੀ ਪੈਂਤੀ ਸਾਲਾਂ ਦਾ ਹੋ ਗਿਆ ਹੈ। ਧਰਮਦਾਸ ਦਾ ਪਿਉ ਭਰਪੂਰ ਸਿੰਘ ਹੈ ਤੇ ਮਾਂ ਵੀਰਾਂਵਤੀ। ਅਤੇ ਸਕੇ ਭਰਾ ਹਰਪਾਲ ਸਿੰਘ ਤੇ ਗੁਰਦੀਪ ਸਿੰਘ। ਧਰਮਦਾਸ ਦੀ ਪਤਨੀ ਬਿਮਲਾ ਹੈ ਅਤੇ ਦੋ ਬੱਚੇ ਹਨ। ਤੇ ਬੱਸ। ਇਸ ਤੋਂ ਬਿਨਾਂ ਧਰਮ ਦਾਸ ਹੋਰ ਕਿਸੇ ਰਿਸ਼ਤੇ-ਨਾਤੇਦਾਰ ਨੂੰ ਨਹੀਂ ਜਾਣਦਾ।

ਦੇਰ ਬਾਅਦ ਬਾਬਾ ਭਰਪੂਰ ਸਿੰਘ ਨੇ ਸਿਰ ਆਪਣੀਆਂ ਦੋਹਾਂ ਹਥੇਲੀਆਂ ਤੋਂ ਉਪਰ ਚੁਕਿਆ ਹੈ। ਮੋਢੇ ਤੋਂ ਪਰਨਾ ਲਾਹ ਕੇ ਐਨਕ ਸਾਫ਼ ਕੀਤੀ ਹੈ ਤੇ ਫੇਰ ਅੱਖਾਂ ਪੂੰਝੀਆਂ ਹਨ। ਐਨਕ ਲਾ ਕੇ, ਕੁਰਸੀ ਦੇ ਦੇ ਨਾਲ ਖੜੀ ਕੀਤੀ ਖੂੰਡੀ ਚੁੱਕੀ ਹੈ। ਖੂੰਡੀ ਉਤੇ ਥੋੜਾ ਕੁ ਭਾਰ ਪਾ ਕੇ ਭਰਪੂਰ ਸਿੰਘ ਉਠਿਆ ਹੈ। ਟੇਬਲ ਉਤੇ ਜੂਠੇ ਪਾਣੀ ਦਾ ਗਿਲਾਸ ਵੇਖ ਕੇ ਉਸ ਦੇ ਸਾਹਾਂ ਦੀ ਰਫ਼ਤਾਰ ਫੇਰ ਕੁਝ ਤੇਜ਼ ਹੋ ਗਈ ਹੈ। ਗਲਾਸ ਚੁੱਕ ਕੇ ਪਾਣੀ ਡੋਲ੍ਹਣ ਲਈ ਉਹ ਹੌਲੀ ਹੌਲੀ ਬੈਠਕੋਂ ਬਾਹਰ ਹੋਇਆ ਹੈ। ਪਾਣੀ ਡੋਲ੍ਹਣ ਲੱਗਿਆਂ ਨਾਲ ਹੀ ਗਲਾਸ ਹੱਥ ਵਿਚੋਂ ਡਿੱਗ ਪਿਆ ਹੈ। ਪਰ ਗਲਾਸ ਟੋਟੇ ਟੋਟੇ ਨਹੀਂ ਹੋਇਆ। ਪਰ ਉਸ ਨੂੰ ਕਈ ਤਰੇੜਾਂ ਆ ਗਈਆਂ ਹਨ।

– ਬਾਪੂ ਜੀ ਕੀ ਗੱਲ ਹੋਈ ? ਗਲਾਸ ਟੁੱਟ ਗਿਆ ਹੈ। ਕੋਈ ਗੱਲ ਨਹੀਂ। ਮੈਂ ਹੋਰ ਪਾਣੀ ਲਿਆ ਦਿੰਦਾ ਹਾਂ। ਬਾਪੂ ਜੀ, ਤੁਹਾਨੂੰ ਕਈ ਵਾਰ ਕਿਹਾ ਹੈ ਕਿ ਤੁਸੀਂ ਹੁਣ ਬਿਲਕੁਲ ਕੋਈ ਕੰਮ ਨਾ ਕਰਿਆ ਕਰੋ। ਸਵੇਰੇ ਸ਼ਾਮ ਗੁਰਦਵਾਰੇ ਤੇ ਦਿਨੇ ਅਖ਼ਬਾਰ ਪੜ੍ਹਿਆ ਕਰੋ। ਬੱਸ ਹੋਰ ਕੁਝ ਨਹੀਂ। ਕੰਮ ਕਰਨ ਨੂੰ ਮੈਂ ਥੋੜਾ ਹਾਂ।

– ਨਹੀਂ ਪੁੱਤ ਧਰਮੇ। ਮੈਂ ਹੁਣ ਕਿਤੇ ਹਲ ਜੋੜਦਾਂ। ਥੋੜਾ ਬਹੁਤ ਫੇਰਾ ਤੋਰਾ ਤਾਂ ਚਾਹੀਦਾ ਹੈ ਨਾ।

– ਲੋ ਬਾਪੂ ਜੀ ਕੁਰਸੀ ਤੁਹਾਡੀ ਮੈਂ ਰਖ ਦਿਤੀ ਹੈ ਤੇ ਅਖ਼ਬਾਰ ਵੀ। ਪਾਣੀ ਵੀ ਲਿਆ ਦਿੰਦਾ ਹਾਂ।

– ਨਹੀਂ ਪੁੱਤ ਪਾਣੀ ਦੀ ਲੋੜ ਨਹੀਂ।

– ਚੰਗਾ ਬਾਪੂ ਜੀ ਮੈਂ ਚਲਦਾਂ। ਪੱਠੇ ਲਿਆ ਕੇ ਰਖ ਦਿਤੇ ਨੇ। ਆਪੇ ਗੁਰਪਾਲ ਕੁਤਰ ਕੇ ਡੰਗਰਾਂ ਨੂੰ ਪਾ ਦੇਵੇਗਾ। ਸ਼ਾਇਦ ਅੱਜ ਰਾਤ ਵੀ ਮੰਡੀ ਵਿਚ ਹੀ ਝੋਨੇ ਦੇ ਸਿਰਹਾਣੇ ਸੌਣਾ ਪਵੇ। ਇੰਸਪੈਕਟਰ ਕਹਿੰਦੇ ਸਨ ਝੋਨੇ ਵਿਚ ਹਾਲੀ ਮਾਸਚਰ ਖ਼ਤਮ ਨਹੀਂ ਹੋਈ। ਪਤਾ ਨਹੀਂ ਸਾੜੇ ਸੁਕਾਏ ਹੋਏ ਝੋਨੇ ਵਿਚ ਸਿੱਲ ਕਿਥੋਂ ਆ ਗਈ। ਮੁੱਠੀ ਗਰਮ ਕਰੋ। ਝੋਨੇ ਦੀ ਮਾਸਚਰ ਖ਼ਤਮ! ਕੋਈ ਹਾਲ ਏ ਏਥੇ ਜੀਣ ਦਾ। ਬਾਪੂ ਜੀ ਮੈਨੂੰ ਵੀ ਕਨੇਡਾ ਭੇਜ ਦਿਓ!

– ਧਰਮੇ ਬੇਟੇ ਕਨੇਡਾ ਵਾਲੀ ਗੱਲ ਫੇਰ ਨਾ ਮੂੰਹ ਤੇ ਲਿਆਵੀਂ। ਮੈਂ ਤੈਨੂੰ ਵੀ ਗੁਰਦੀਪ ਵਾਂਗ ਗਵਾਉਣਾ ਨਹੀਂ ਚਾਹੁੰਦਾ। ਪੁੱਤ, ਫੇਰ ਨਾ ਏਦਾਂ ਆਖੀਂ।

– ਚੰਗਾ ਬਾਪੂ ਜੀ ਨਹੀਂ ਆਖਦਾ। ਤੁਸੀਂ ਹੁਣ ਆਰਾਮ ਕਰੋ। ਮੈਂ ਜਾਂਦਾ ਹਾਂ। ਰਾਤ ਨੂੰ ਆਪੇ ਹੀ ਆ ਰੋਟੀ ਖਾ ਜਾਵਾਂਗਾ।

ਕਨੇਡਾ ਜਿਥੇ ਕੁ ਕਲਕਸ ਕਲਾਂ ਨੇ ਕਾਲੇ ਚਿੱਟੇ ਮਨੁੱਖ ਵਿਚ ਨਸਲੀ ਨਫ਼ਰਤ ਦੀ ਦੀਵਾਰ ਖੜੀ ਕਰ ਦਿਤੀ ਹੈ। ਪਾਵਲਵਾਦੀਏ ਤੇ ਨੈਸ਼ਨਲ ਫ਼ਰੰਟੀਏ ਇੰਗ-ਲੈਂਡ ਵਿਚ ਹੌਲੀ ਹੌਲੀ ਦੱਖਣੀ ਅਫ਼ਰੀਕਾ ਉਭਾਰ ਰਹੇ ਨੇ। ਬਾਬਾ ਭਰਪੂਰ ਸਿੰਘ ਦਾ ਪੁੱਤਰ ਗੁਰਦੀਪ ਸਿੰਘ ਕਤਲ ਹੋ ਗਿਆ ਹੈ। ਸੱਤ ਸਾਲਾਂ ਬਾਅਦ ਉਸ ਆਪਣੀ ਪਹਿਲੀ ਫੇਰੀ ਭਾਰਤ ਆਉਣਾ ਸੀ ਪਰ ਉਸ ਤੋਂ ਪਹਿਲਾਂ ਹੀ ਕਤਲ ਕਰ ਦਿਤਾ ਗਿਆ। ਹਾਲੀ ਤਕ ਕਿਸੇ ਕਾਤਲ ਨੂੰ ਗ੍ਰਿਫ਼ਤਾਰ ਨਹੀਂ ਕੀਤਾ ਗਿਆ। ਕਿਹਾ ਜਾਂਦਾ ਹੈ ਕਤਲ ਕੇ.ਕੇ.ਕੇ. ਨੇ ਕੀਤਾ। ਬਾਬਾ ਭਰਪੂਰ ਸਿੰਘ ਦਾ ਪੁੱਤਰ ਵਾਪਸ ਨਹੀਂ ਮੁੜ ਸਕਿਆ। ਧਰਮਦਾਸ ਤੇ ਹਰਪਾਲ ਸਿੰਘ ਨੂੰ ਪੂਰੀ ਵਿਦਿਆ ਨਹੀਂ ਸੀ ਦਿਤੀ ਜਾ ਸਕੀ। ਹਾਲਾਤ ਹੀ ਕੁਝ ਐਸੇ ਸਨ। ਗੁਰਦੀਪ ਸਿੰਘ ਨੂੰ ਬੀ.ਏ. ਕਰਵਾਈ। ਪਰ ਦੋ ਸਾਲ ਕੋਸ਼ਿਸ਼ ਕਰਨ ਉਪਰੰਤ ਵੀ ਕੋਈ ਨੌਕਰੀ ਨਾ ਮਿਲ ਸਕੀ ਤਾਂ ਉਸ ਨੇ ਕਨੇਡਾ ਵਿਖੇ ਜਾ ਮਜ਼ਦੂਰੀ ਕੀਤੀ।

ਨਫ਼ਰਤ ਦੇ ਪਰਛਾਵੇਂ ਕਿੰਨੇ ਲੰਮੇ ਨੇ। ਭਾਰਤ ਤੋਂ ਲੈ ਕੇ ਧੁਰ ਕਨੇਡਾ ਤੱਕ। ਹਨੇਰੇ ਦੇ ਨਹੁੰ ਕਿੰਨੇ ਡੂੰਘੇ ਖੁਭੇ ਨੇ। 1947 ਤੋਂ ਲੈ ਕੇ ਧੁਰ 1981 ਤੱਕ। ਕਿਤੇ ਨਾ ਕਿਤੇ ਕੋਈ..... ਸੈਤਾਨ ਜਾਂ ਸ਼ਾਇਦ ਸ਼ੈਤਾਨ ਨਾਸੂਰ ਬਣ ਕੇ ਉਗ ਪੈਂਦਾ ਹੈ।

ਰੋਜ਼ ਹੀ ਕੋਈ ਨਾ ਕੋਈ ਹਾਦਸਾ ਹੋ ਜਾਂਦਾ ਹੈ। ਰੋਜ਼ ਹੀ ਜ਼ਖ਼ਮ ਉਚੜ ਜਾਂਦੇ ਨੇ।

ਬਾਬਾ ਭਰਪੂਰ ਸਿੰਘ ਕੁਰਸੀ ਤੇ ਬੈਠਾ ਦੇਰ ਤੱਕ ਵਿਹੜੇ ਵਿਚ ਫੈਲੀ ਦੁਪਹਿਰ ਦੀ ਵੀਰਾਨੀ ਨੂੰ ਨਿਹਾਰਦਾ ਰਿਹਾ ਹੈ। ਪੱਟਾਂ ਉਤੇ ਅਖ਼ਬਾਰ ਪਈ ਹੈ। ਪਰ ਬਾਬੇ ਦਾ ਧਿਆਨ ਅਖ਼ਬਾਰ ਵਲ ਨਹੀਂ ਹੈ।

ਬਾਬਾ ਜੀ ਨੇ ਆਪਣਾ ਧਿਆਨ ਹੋਰ ਪਾਸੇ ਮੋੜਨ ਲਈ ਅਖ਼ਬਾਰ ਪੜ੍ਹਨੀ ਆਰੰਭ ਕਰ ਦਿਤੀ ਹੈ – ਬਾਬੀ ਸੈਂਡਜ਼ ਦੀ ਆਪਣੀ ਭੁੱਖ ਹੜਤਾਲ ਦੇ 66ਵੇਂ ਦਿਨ ਹੋਈ ਮੌਤ ਤੋਂ ਬਾਅਦ ਉਤਰੀ ਆਇਰਲੈਂਡ ਵਿਚ ਹਿੰਸਾ – ਬੈਲਫਾਸਟ ਵਿਚ ਸਾੜ ਫੂਕ ਅੱਗਾਂ ਤੇ ਬੰਬਾਂ ਦੀਆਂ ਅਨੇਕਾਂ ਘਟਨਾਵਾਂ। ਸਰਕਾਰ ਪੱਖੀ ਪਰੋਟੈਸਟੈਂਟਸ ਤੇ ਸਰਕਾਰ ਵਿਰੋਧੀ ਕੈਥੋਲਿਕਸ ਵਿਚ ਮਜ਼ਹਬੀ ਖ਼ਾਨਾ ਜੰਗੀ ਦਾ ਖ਼ਤਰਾ ਵੱਧ ਗਿਆ। ਲੈਬਨਾਨ ਵਿਚ ਈਸਾ–

ਈਆਂ ਤੇ ਮੁਸਲਮਾਨਾਂ ਵਿਚ ਜੰਗ ਭੜਕ ਉੱਠੀ — ਬੈਰੂਤ ਵਿਚ ਪੰਜ ਸੌ ਤੋਂ ਵਧ ਮੌਤਾਂ । ਖ਼ਾਲਿਸਤਾਨ ਕਿਉਂ ?......

ਬਾਬਾ ਜੀ ਨੇ ਅਖ਼ਬਾਰ ਬੰਦ ਕਰ ਦਿਤੀ ਹੈ। ਅੰਦਰਲੀ ਬੇਚੈਨੀ ਨੂੰ ਹੋਰ ਬੇਚੈਨ ਕਰਨ ਲਈ ਏਨੀਆਂ ਖ਼ਬਰਾਂ ਹੀ ਕਾਫ਼ੀ ਹਨ।

ਬਾਬਾ ਜੀ ਕੰਬਲ ਲੈ ਕੇ ਹੱਥ ਵਿਚ ਖੂੰਡੀ ਫੜੀ ਪੈਲੀਆਂ ਵਲ ਸੈਰ ਨੂੰ ਤੁਰ ਪਏ ਹਨ। ਪੈਲੀਆਂ ਦੇ ਫੇਰੇ ਤੋਂ ਬਾਅਦ ਜਦੋਂ ਉਹ ਗੁਰਦਵਾਰੇ ਪਹੁੰਚੇ ਤਾਂ ਨਿੰਮ੍ਹਾ ਨਿੰਮ੍ਹਾ ਹਨੇਰਾ ਪਸਰ ਚੁਕਾ ਹੈ। ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕਰਕੇ, ਰਹਿਰਾਸ ਦਾ ਪਾਠ ਕਰਕੇ ਉਹ ਘਰ ਮੁੜ ਆਏ ਹਨ। ਰੋਟੀ ਖਾ ਕੇ ਸੁਫੇ ਦੀ ਇਕ ਨੁੱਕਰੇ ਚੁੱਪ-ਚਾਪ ਲੇਟ ਜਾਂਦੇ ਹਨ। ਪੋਤਾ ਹਰਪਾਲ ਆਪਣੇ ਐਂਟੀ-ਰੀਜ਼ਰਵੇਸ਼ਨ ਬਾਰੇ ਮੀਟਿੰਗ ਤੋਂ ਸ਼ਾਇਦ ਹਾਲੀ ਵਾਪਸ ਨਹੀਂ ਆਇਆ। ਪੁੱਤਰ ਧਰਮਦਾਸ ਨੂੰ ਅੱਜ ਵੀ ਮੰਡੀ ਵਿਚ ਹੀ ਰਾਤ ਗੁਜ਼ਾਰਨੀ ਪੈਣੀ ਹੈ। ਨੂੰਹਾਂ ਆਪਣੀਆਂ ਆਪਣੀਆਂ ਕੋਠੜੀਆਂ ਵਿਚ ਜਾ ਵੜੀਆਂ ਹਨ। ਨਾਲ ਦੇ ਮੰਜੇ ਉਤੇ ਵੀਰਾਵੰਤੀ ਗੁੱਛਾ ਮੁੱਛਾ ਹੋ ਕੇ ਪਈ ਹੈ — ਗੱਠੜੀ ਜਹੀ ਬਣੀ। ਵੀਰਾਵੰਤੀ ਦਾ ਸਰੀਰ ਤਾਂ ਬਿਲਕੁਲ ਹੀ ਰਹਿ ਗਿਆ ਹੈ।

— ਧਰਮੇ ਦੀ ਮਾਂ, ਸੌਂ ਗਈ ਤੂੰ ?

— ਪਾਲ ਦੇ ਬਾਪੂ, ਨੀਂਦ ਕਿੱਥੇ ਆਉਂਦੀ ਆ, ਅੱਗ ਲੱਗ ਜਾਣੀ। ਸਾਰੀ ਰਾਤ ਪਈ ਪਈ ਨੂੰ ਲੰਘ ਜਾਂਦੀ ਏ। ਹੁਣ ਤਾਂ ਸਰੀਰ ਏਨਾ ਰਹਿ ਗਿਆ ਏ — ਪਾਸਾ ਵੀ ਤਾਂ ਮੈਂ ਘੜ-ਮੁੜ ਨਹੀਂ ਬਦਲ ਸਕਦੀ —

— ਹਾਂ ਧਰਮੇ ਦੀ ਮਾਂ ਤਵੇ ਉਤੇ ਰੋਟੀ ਇਕ ਪਾਸੇ ਪਈ ਏ ਤੇ ਹੇਠਾਂ ਅੱਗ ਬਲੀ ਜਾਂਦੀ ਏ।

— ਪਾਲ ਦੇ ਬਾਪੂ, ਹੁਣ ਤੂੰ ਕੋਈ ਸਾਖੀ ਵੀ ਨਹੀਂ ਕਦੀ ਸੁਣਾਈ। ਪਹਿਲਾਂ ਤਾਂ ਅੱਧੀ ਅੱਧੀ ਰਾਤ ਤਕ ਤੇਰੀਆ ਬਾਤਾਂ ਹੀ ਨਹੀਂ ਸਨ ਮੁਕਦੀਆ ਹੁੰਦੀਆ।

— ਤੂੰ ਤਾਂ ਪਗਲੀ ਏ ਧਰਮੇ ਦੀ ਮਾਂ, ਹੁਣ ਮੈਂ ਸਾਖੀਆ ਕਿਸ ਨੂੰ ਸੁਣਾਵਾਂ ? ਪਹਿਲਾਂ ਤਾਂ ਮੰਜੇ ਉਤੇ ਝੁਰਮਟ ਪਿਆ ਰਹਿੰਦਾ ਸੀ। ਪਰ ਹੁਣ...।

— ਜਦੋਂ ਦਾ ਹਰਪਾਲ ਨੇ ਸਾਨੂੰ ਵਿਛੋੜਾ ਦਿੱਤਾ ਉਦੋਂ ਦਾ ਤਾਂ ਤੂੰ ਪੱਥਰ ਹੀ ਬਣ ਗਿਆ ਏ।

— ਗੁਰਦੀਪ ਤੋਂ ਬਾਅਦ ਹਰਪਾਲ ਵੀ ਚਲਾ ਗਿਆ। ਵਾਰੀ ਮੇਰੀ ਸੀ ਤੁਰ ਗਏ ਮੇਰੇ ਪੁੱਤਰ...।

— ਪਾਲ ਦੇ ਬਾਪੂ, ਇਸ ਤਰ੍ਹਾਂ ਦਿਲ ਨਹੀਂ ਢਾਹੀਦਾ। ਸੁਖ ਨਾਲ ਧਰਮਾ ਜਿਉਂਦਾ ਰਹੇ।

— ਗੁਰਦੀਪ ਦੇ ਤਾਂ ਮੈਂ ਆਖਰੀ ਸਮੇਂ ਦਰਸ਼ਨ ਵੀ ਨਾ ਕਰ ਸਕਿਆ, ਪਰ ਹਰਪਾਲ ਦੀ ਝੁਲਸੀ ਹੋਈ ਸ਼ਕਲ ਮੇਰੀਆਂ ਅੱਖਾਂ ਸਾਹਮਣੇ ਤੋਂ ਪਰੇ ਜਾਂਦੀ ਹੀ ਨਹੀਂ। ਸਾਲ ਹੋਣ ਵਾਲਾ ਏ। ਅੱਗ ਬੁਝਦੀ ਹੀ ਨਹੀਂ। ਮੈਂ ਕੀ ਕਰਾਂ ?

—ਮੈਂ ਬਥੇਰਾ ਸਮਝਾਇਆ ਸੀ ਪਾਲ ਨੂੰ। ਦੂਰ ਨਾ ਜਾਵੇ। ਨੌਕਰੀ ਨਹੀਂ ਮਿਲੀ ਤਾਂ ਗੁਜ਼ਾਰੇ ਜੋਗੀ ਭੋਂਇ ਹੈ। ਨਾਲੇ ਜੇ ਵਪਾਰ ਹੀ ਕਰਨਾ ਸੀ ਤਾਂ ਦੂਰ ਅਲੀਗੜ੍ਹ ਕਿਉਂ ? ਏਥੇ ਕਿਉਂ ਨਹੀਂ ?

— ਭੋਲੀਏ ਦਾਣੇ ਪਾਣੀ ਦੀ ਗਲ ਹੁੰਦੀ ਹੈ। ਵਪਾਰ ਤਾਂ ਮੇਰੇ ਪੁਤਰ ਦਾ ਸੋਹਣਾ ਚਲ ਤੁਰਿਆ ਸੀ। ਪਰ ਫਿਰਕੂ ਫਸਾਦਾਂ ਨੇ ਨਿਗਲ ਲਿਆ ਮੇਰਾ ਪਾਲ। ਸਾਰਾ ਬਾਜ਼ਾਰ ਹੀ ਸੜ ਕੇ ਸੁਆਹ ਹੋ ਗਿਆ। ਦੁਕਾਨ ਸੜ ਗਈ ਤੇ ਵਿਚ ਹੀ ਝੁਲਸਿਆ ਗਿਆ ਮੇਰਾ ਪਾਲ। ਮੈਨੂੰ ਹਾਲੀ ਸੇਕ ਆਈ ਜਾ ਰਿਹਾ ਏ। ਸੇਕ ਵਧ ਰਿਹਾ ਏ।

— ਸੱਚ ਪਾਲ ਦੇ ਬਾਪੂ ਤੈਨੂੰ ਪਤਾ ਏ, ਤੇਰੇ ਜੋਟੀਦਾਰ ਗਵਰਧਨ ਨੇ ਦਰਸ਼ਨ ਸਿੰਘ ਦਾ ਮਕਾਨ ਖਾਲੀ ਕਰ ਦਿਤਾ ਏ। ਅਖੇ ਹੁਣ ਹਿੰਦੂ ਆਬਾਦੀ ਵਿਚ ਮਕਾਨ ਲਵਾਂਗਾ।

— ਹੱਛਾ ਗਵਰਧਨ ਚਲਾ ਗਿਆ ! ਕਦੀ ਕਦੀ ਪੱਲ ਬੈਠ ਕੇ ਕੋਈ ਹੱਡ ਬੀਤੀ ਕੋਈ ਜੱਗ ਬੀਤੀ ਕਰ ਲਈਦੀ ਸੀ। ਏਥੇ ਉਸ ਨੂੰ ਕਾਹਦਾ ਖ਼ਤਰਾ ਸੀ। ਮਾਂ ਪਿਉ ਜਾਏ ਭਰਾਵਾਂ ਤੋਂ ਵੀ ਕੋਈ ਡਰਦਾ ਏ ! ਮੈਂ ਤਾਂ ਹੋਰ ਵੀ ਇਕੱਲਾ ਰਹਿ, ਧਰਮੇ ਦੀ ਮਾਂ !

ਚੁਪ ਛਾ ਜਾਂਦੀ ਹੈ। ਸੁਫੇ ਵਿਚ ਸੰਘਣਾ ਹਨੇਰਾ ਪਸਰਿਆ ਹੋਇਆ ਹੈ। ਦੋਵੇਂ ਹਨੇਰੇ ਨੂੰ ਘੂਰਦੇ ਹਨ। ਪਰ ਕੁਝ ਦਿਸਦਾ ਨਹੀਂ। ਅੱਖਾਂ ਦੀ ਲੋਅ ਵੀ ਤਾਂ ਬੜੀ ਕਮਜ਼ੋਰ ਹੋ ਗਈ ਹੈ।

ਨਾਲ ਹੀ ਬੈਠਕ ਦਾ ਬੂਹਾ ਖੜਕਿਆ ਹੈ। ਬਲਬ ਜਗਿਆ ਹੈ। ਵਿਚਲੀ ਕੰਧ ਵਿਚ ਮੋਰ੍ਹੀਆ ਵਾਲੇ ਰੋਸ਼ਨਦਾਨ ਰਾਹੀਂ ਮੱਧਮ ਜਹੀ ਲੋਅ ਸੁਫੇ ਵਿਚ ਆ ਗਈ ਹੈ। ਕਾਕਾ ਗੁਰਪਾਲ ਕੋਈ ਫਿਲਮੀ ਧੁੰਨ ਗੁਣਗੁਣਾਉਂਦਾ ਹੈ। ਰੇਡੀਓ ਆਨ ਕਰ ਦਿੰਦਾ ਹੈ। ਆਕਾਸ਼ਵਾਣੀ ਤੋਂ ਸਮਾਚਾਰ ਪਰਸਾਰਤ ਕੀਤੇ ਜਾ ਰਹੇ ਹਨ —।

— ਸਰਕਾਰ ਸਰਕਾਰੀ ਦਲ ਤੇ ਵਿਰੋਧੀ ਦਲਾਂ ਨੂੰ ਆਕਾਸ਼ਵਾਣੀ ਤੇ ਦੂਰਦਰਸ਼ਨ ਦੇ ਸਮਾਚਾਰ ਬੁਲਿਟਨਾਂ ਵਿਚ ਬਰਾਬਰ ਦਾ ਸਮਾਂ ਦੇ ਰਹੀ ਹੈ। ਇਹ ਗਲ ਵਖਰੀ ਹੈ ਕਿ ਵਿਰੋਧੀ ਦਲ ਏਨੇ ਬਹੁਤੇ ਹਨ ਕਿ ਉਹਨਾਂ ਵਿਚ ਸਮਾਂ ਵੰਡਿਆ ਜਾਂਦਾ ਹੈ — ਇਹ ਗਲ ਅਜ ਰਾਜਧਾਨੀ ਵਿਖੇ ਵੱਡੇ ਵਪਾਰੀਆਂ ਦੀ ਇਕ ਮੀਟਿੰਗ ਨੂੰ ਖ਼ਿਤਾਬ ਕਰਦਿਆਂ ਸੂਚਨਾ ਤੇ ਪ੍ਰਸਾਰ ਮੰਤਰੀ ਨੇ ਦਸੀ। ਉਹਨਾਂ ਵਪਾਰੀਆਂ ਨੂੰ ਕੀਮਤਾਂ ਰੋਕਣ ਦੀ ਅਪੀਲ ਵੀ ਕੀਤੀ।

ਅਜ ਬਾਅਦ ਦੁਪਹਿਰ ਖਾਲਿਸਤਾਨ ਦੇ ਹਾਮੀਆਂ ਨੇ ਨੰਗੀਆ ਤਲਵਾਰਾਂ ਨਾਲ ਜਲੂਸ ਕਢਿਆ । ਸਾਡੇ ਨਾਮਾਨਿਗਾਰ ਅਨੁਸਾਰ ਜਾਲੂਸ ਵਿਚ ਪੰਜ ਸੌ ਤੋਂ ਵਧ ਬੰਦੇ ਸ਼ਾਮਲ ਨਹੀਂ ਸਨ – ਪਰ ਮੁਜ਼ਾਹਰਾਕਾਰੀਆ ਦੇ ਇਕ ਆਗੂ ਨੇ ਇਹ ਗਿਣਤੀ ਪੰਜ ਹਜ਼ਾਰ ਦਸੀ। ਖਾਲਿਸਤਾਨ ਦੀ ਮੰਗ ਨੂੰ ਕੁਝ ਕੁ ਗਦੀੜਿਂ ਬੱਲੇ ਆਗੂ ਛਹਿ ਦੇ ਰਹੇ ਹਨ । ਇਸ ਮੰਗ ਪਿਛੇ ਕਿਸੇ ਬਦੇਸ਼ੀ ਹਥ ਦਾ ਵੀ ਸ਼ਕ ਹੈ । ਇਹ ਗਲ ਅਜ ਸਰਕਾਰੀ ਵਿਧਾਇਕ ਦਲ ਦੀ ਇਕ ਇਕਤਰਤਾ ਵਿਚ ਦਸੀ ਗਈ –।

ਬਾਬਾ ਭਰਪੂਰ ਸਿੰਘ ਨੂੰ ਬਹੁਤ ਪੀੜਤ ਅਕੇਵਾਂ ਤੇ ਮਾਨਸਿਕ ਥਕੇਵਾਂ ਹੋ ਰਿਹਾ ਹੈ । ਖਬਰਾਂ ਨੇ ਉਸ ਦੇ ਅੰਦਰ ਹੋਰ ਵੀ ਕੋਹਰਾਮ ਮਚਾ ਦਿਤਾ ਹੈ ।

– ਕਾਕਾ, ਰੇਡੀਓ ਰਤਾ ਹੌਲੀ ਕਰ ਦੇ ।

– ਹੱਛਾ ਬਾਬਾ ਜੀ ।

ਹੁਣ ਝੀਤਾਂ ਰਾਹੀਂ ਕੋਈ ਆਵਾਜ਼ ਨਹੀਂ ਆ ਰਹੀ । ਪਰ ਮੱਧਮ ਜਹੀ ਲੋਅ ਸੁਫੇ ਵਿਚ ਰੀਂਘ ਰਹੀ ਹੈ । ਬਾਬਾ ਭਰਪੂਰ ਸਿੰਘ ਨੂੰ ਇੰਜ ਲਗਦਾ ਹੈ ਜਿਵੇਂ ਹਨੇਰਾ ਹੋਰ ਵੀ ਗਾਹੜਾ ਹੋ ਗਿਆ ਹੈ ।

ਅਗਲੇ ਦਿਨ ਝੋਨਾ ਵਿਕ ਗਿਆ । ਸਾਰੇ ਪੈਸੇ ਆੜਤੀਏ ਨੇ ਭਰਪੂਰ ਸਿੰਘ ਦੇ ਖਾਤੇ ਵਿਚ ਲਿਖ ਦਿਤੇ – ਇਕ ਹਜ਼ਾਰ ਚਾਰ ਸੌ ਸੱਠ ਰੁਪਏ ਆ ਗਏ, ਬਾਕੀ ਰਹਿ ਗਏ ਅੱਠ ਸੌ ਛੱਤੀ ਰੁਪਏ ਪੈਂਤੀ ਪੈਸੇ ।

ਧਰਮਦਾਸ ਰਾਤ ਸਾਰੇ ਕੰਮ ਸਾਂਭ ਕੇ ਆਪਣੇ ਪਿਓ ਦੀ ਪੁਆਂਦੀ ਜ਼ਰੂਰ ਕੁਝ ਸਮਾਂ ਬੈਠਦਾ ਹੈ । ਇਹ ਉਸ ਦੀ ਬਚਪਨ ਤੋਂ ਹੀ ਆਦਤ ਹੈ । ਛੋਟਿਆਂ ਹੁੰਦਿਆਂ ਪਿਓ ਪਾਸੋਂ ਰੋਜ਼ ਰਾਤ ਨੂੰ ਉਹ ਸਾਖੀਆਂ ਸੁਣਦਾ ਹੁੰਦਾਂ ਸੀ – ਗੁਰੂਆਂ ਪੀਰਾਂ ਦੀਆਂ ਸਾਖੀਆਂ, ਬਹਾਦਰਾਂ ਯੋਧਿਆਂ ਦੀਆਂ ਸਾਖੀਆਂ, ਮਹਾਂਆਤਮਾ ਧਰਮਾਤਮਾਵਾਂ ਦੀਆਂ ਸਾਖੀਆਂ, ਪੰਜਾਬ ਦੇ ਇਤਿਹਾਸ ਵਿਚੋਂ ਸਾਖੀਆਂ, ਆਜ਼ਾਦੀ ਦੇ ਇਤਿਹਾਸ ਵਿਚੋਂ ਸਾਖੀਆਂ – ।

ਰਾਤ ਨੂੰ ਰੋਟੀ ਪਾਣੀ ਖਾ ਕੇ ਡੰਗਰਾਂ ਨੂੰ ਅੰਦਰ ਬੰਨ੍ਹ ਕੇ ਧਰਮਦਾਸ ਆਪਣੇ ਪਿਉ ਦੇ ਮੰਜੇ ਉਤੇ ਬੈਠਦਿਆਂ ਹੀ ਬੋਲਿਆ –– ਬਾਪੂ ਜੀ ਕਲ੍ਹ ਮੰਡੀ ਵਿਚ ਵਾਹਵਾਹ ਮਜਮਾ ਲਗਾ । ਪੰਦਰਾਂ ਵੀਹਾਂ ਬੰਦੇ ਨਾਹਰੇ ਲਾਉਂਦੇ ਹੋਏ ਮੰਡੀ ਪਹੁੰਚੇ – 'ਬਣ ਕੇ ਰਹੇਗਾ ਖਾਲਿਸਤਾਨ –' ।

– ਲੇ ਕੇ ਰਹੇਂਗੇ ਪਾਕਿਸਤਾਨ ?

– ਨਹੀਂ ਬਾਪੂ ਜੀ, ਕਹਿੰਦੇ ਸਨ, ਬਣ ਕੇ ਰਹੇਗਾ ਖਾਲਿਸਤਾਨ ।

– ਮੰਡੀ ਵਿਚ ਬੋਹੜ ਹੇਠਾਂ ਉਹ ਬੈਠ ਗਏ । ਇਕ ਸੱਜਣ ਨੇ ਲਾਊਡ ਸਪੀਕਰ ਉਤੇ ਭਾਸ਼ਣ ਸ਼ੁਰੂ ਕਰ ਦਿਤਾ ਬਹੁਤ ਸਾਰੇ ਯੂ. ਪੀ. ਬਿਹਾਰ ਦੇ ਭਈਏ ਕੰਮ ਛਡ ਕੇ ਇਕੱਠੇ ਹੋ ਗਏ । ਮੈਂ ਵੀ ਚਲਾ ਗਿਆ । ਬੁਲਾਰਾ ਬੋਲ ਰਿਹਾ ਸੀ – 'ਅਸੀਂ ਆਸਾਮ ਤੋਂ ਪਿਛੇ ਨਹੀਂ ਰਹਾਂਗੇ। ਏਥੇ ਨਿਰੋਲ ਖਾਲਿਸਤਾਨ ਬਣੇਗਾ ।' ਮੇਰੇ ਨਾਲ ਖੜੇ ਇਕ ਬੁੱਢੇ ਜਹੇ ਭਈਏ ਨੇ ਮੈਨੂੰ ਪੁਛਿਆ – 'ਸਰਦਾਰ ਜੀ ਖਾਲਿਸਤਾਨ ਕਿਆ ਹੋਤਾ ਹੈ ? ਹਾਂ ਬਾਪੂ ਜੀ, ਖਾਲਿਸਤਾਨ ਦਾ ਕੀ ਮਤਲਬ ਹੋਇਆ ? ਤੁਸੀਂ ਸਮਝਾਇਆ ਸੀ ਗੁਰੂ ਗੋਬਿੰਦ ਸਿੰਘ ਜੀ ਨੇ ਸਭ ਮਨੁੱਖਾਂ ਨੂੰ ਬਰਾਬਰ ਤੇ ਸਾਰੀ ਮਨੁੱਖ ਜ਼ਾਤੀ ਦੇ ਇਕੋ ਧਾਗੇ ਵਿਚ ਪਰੋਣ ਲਈ, ਸਾਰੀਆਂ ਜ਼ਾਤਾਂ ਪਾਤਾਂ ਊਚਾਂ ਨੀਚਾਂ ਖਤਮ ਕਰਕੇ ਖਾਲਸਾ ਸਾਜਿਆ ਸੀ – ਜਿਹੜਾ ਹਰ ਕਿਸਮ ਦੇ ਜ਼ੁਲਮ ਤਸ਼ੱਦਦ ਤੇ ਅਤਿਆਚਾਰ ਦੇ ਵਿਰੁਧ ਲੜੇਗਾ । ਪਰ ਖਾਲਿਸਤਾਨ – ?

– ਪੁਤਰ ਖਾਲਿਸਤਾਨ ਬਾਰੇ ਅਜ ਕਲ੍ਹ ਅਖ਼ਬਾਰਾਂ ਵਿਚ ਰੌਲਾ ਪਿਆ ਹੋਇਆ ਹੈ । ਇਸ ਬਾਰੇ ਮੈਂ ਤੈਨੂੰ ਕਿਤੇ ਫੇਰ ਦਸਾਂਗਾ । ਹੁਣ ਮੈਨੂੰ ਨੀਂਦ ਆ ਰਹੀ ਹੈ ।

ਬਾਬਾ ਭਰਪੂਰ ਸਿੰਘ ਨੂੰ ਰਾਤ ਨੀਂਦ ਨਾ ਆਈ । ਸਾਰੀ ਰਾਤ ਉਹ ਸੋਚਦੇ ਰਹੇ । ਪਰ ਕਿਸੇ ਵੀ ਸੋਚ ਦਾ ਉਹਨਾਂ ਨੂੰ ਕੋਈ ਕਿਨਾਰਾ ਨਾ ਮਿਲਿਆ । ਅਲੀਗੜ । ਕਨੇਡਾਂ । ਕਿੰਨੇ ਕੁ ਹੋਰ ਖਾਲਿਤਸਾਨ – !

ਅਗਲੇ ਦਿਨ ਖੇਤੋਂ ਕੰਮ ਕਰਕੇ ਆ ਕੇ, ਪੱਠੇ ਅੱਡੇ ਵਿਚ ਸੁਟ ਕੇ, ਧਰਮਦਾਸ ਚਾਣਚਕ ਆਪਣੇ ਬਾਪੂ ਨੂੰ ਪੁਛਦਾ ਹੈ – ਬਾਪੂ ਜੀ, ਮੇਰਾ ਪਿਉ ਕੌਣ ਏ ?

– ਕਿਉਂ ਪੁਤਰ ਕੀ ਗਲ । ਤੈਨੂੰ ਆਪਣੇ ਪਿਉ ਦੀ ਪਛਾਣ ਕਿਵੇਂ ਭੁਲ ਗਈ ?

– ਜੇ ਤੁਸੀ ਮੇਰੇ ਪਿਉ ਹੋ, ਤਾਂ ਕਰਮਚੰਦ ਮੇਰਾ ਕੀ ਲਗਦਾ ਸੀ ?

– ਕਰਮਚੰਦ ! ਇਹ ਤੈਨੂੰ ਕਿਸ ਨੇ ਦਸਿਆ ਪੁਤਰ ?

– ਹਿੰਦੂ ਰਖਸ਼ਾ ਦਲ ਵਾਲੇ ਅਜ ਖੇਤੀ ਮੈਨੂੰ ਮਿਲੇ ਸਨ । ਉਹਨਾਂ ਮੈਨੂੰ ਕਈ ਗਲਾਂ ਦਸੀਆਂ ।

– ਪੁਤਰ ਅਜ ਰਾਤ, ਮੈਂ ਤੈਨੂੰ ਸਭ ਕੁਝ ਦਸਾਂਗਾ । ਤੂੰ ਬਾਕੀ ਕੰਮ ਮੁਕਾ ਲੈ । ਨਹਾ ਧੋ ਲੈ ।

ਉਸ ਰਾਤ ਤੋਂ ਬਾਅਦ ਕਈ ਦਿਨ ਧਰਮਦਾਸ ਚੁਪ ਚੁਪ ਰਿਹਾ – ਉਖੜਿਆ ਉਖੜਿਆ ਰਿਹਾ – ਬੁਝਿਆ ਬੁਝਿਆ ਰਿਹਾ ਉਸ ਦੇ ਅੰਦਰ ਹੀ ਅੰਦਰ ਕਈ ਕੁਝ ਬਣਿਆ ਉਸਰਿਆ, ਢਲਿਆ ਸਵਰਿਆ, ਟੁਟ ਭੱਜ ਗਿਆ ਹੈ । ਕਈ ਦਿਨਾਂ ਤਕ ਸ਼ਾਮੀ ਆਪਣੇ ਪਿਉ ਦੀ ਪੁਆਂਦੀ ਬੈਠ ਕੇ ਉਸ ਨੇ ਕੋਈ ਦੁਖ ਸੁਖ ਦੀ ਗਲ ਨਹੀਂ ਕੀਤੀ ।

ਧਰਮਦਾਸ ਬਹੁਤ ਉਦਾਸ ਹੈ । ਅਜ ਉਸ ਨੇ ਠੀਕ

ਤਰ੍ਹਾਂ ਰੋਟੀ ਵੀ ਨਹੀਂ ਖਾਧੀ। ਬਾਬਾ ਭਰਪੂਰ ਸਿੰਘ ਨੇ ਉਸ ਨੂੰ ਪੁਛਿਆ ਹੈ – 'ਪੁਤਰ ਕੀ ਗਲ ਵੇ ਏਨਾ ਚੁਪ ਚੁਪ ਕਿਉਂ ਏ ?'

– ਬਸ ਐਵੇਂ ਹੀ, ਬਾਪੂ ਜੀ।

– ਅਗਲੀ ਰਾਤ ਧਰਮਦਾਸ ਆਪਣੇ ਬਾਪ ਦੇ ਗਲ ਲਗ ਕੇ ਜ਼ਾਰ ਜ਼ਾਰ ਰੋਣ ਲਗ ਪੈਂਦਾ ਹੈ – ਬਾਪੂ ਜੀ ਮੈਨੂੰ ਡਰ ਲਗਦਾ ਹੈ – ਮੇਰਾ ਵਿਸ਼ਵਾਸ਼ ਕਿਰਦਾ ਏ ਪਿਆ। ਮੈਨੂੰ ਬਚਾਓ ਮੈਨੂੰ ਉਹ ਬਚਪਨ ਵਾਲੀਆਂ ਸਾਖੀਆਂ ਫੇਰ ਸਣਾਓਸਾਈਂ ਮੀਆ ਮੀਰ ਦੀ ਸਾਖੀ, ਪੀਰ ਬੁਧੂ ਸ਼ਾਹ, ਗਨੀ ਖਾਂ ਨਬੀ ਖਾਂ ਭਰਾਵਾਂ ਦੀ ਗੱਲ, ਮੈਨੂੰ ਫੇਰ ਦਸੋ। ਗੁਰੂ ਤੇਗ ਬਹਾਦਰ ਜੀ ਦਾ ਸ਼ਹੀਦੀ ਸਾਕਾ ਇਕ ਵਾਰ ਫੇਰ ਦੁਹਰਾਉ । ਮੈਂ ਡਿਗਦਾ ਜੇ ਪਿਆ। ਮੈਨੂੰ ਬਚਾਓ।

ਅਗਲੀ ਤਾਰੀਖ ਬਦਲਣ ਤਕ ਬਾਬਾ ਜੀ, ਧਰਮਦਾਸ ਨੂੰ ਗਲਵਕੜੀ ਵਿਚ ਲਈ ਸਾਖੀਆਂ ਸੁਣਾਉਂਦੇ ਰਹੇ – ਬਾਤਾਂ ਪਾਉਂਦੇ ਰਹੇ। ਬਿਲਕੁਲ ਉਸੇ ਤਰ੍ਹਾਂ ਹੀ ਜਿਵੇਂ ਬਚਪਨ ਵਿਚ ਧਰਮਦਾਸ, ਹਰਪਾਲ ਸਿੰਘ, ਗੁਰਮੀਤ ਸਿੰਘ ਨੂੰ ਆਪਣੇ ਆਸੇ ਪਾਸੇ ਬੈਠਾ ਕੇ ਬਾਬਾ ਜੀ ਸਾਖੀਆਂ ਸੁਣਾਉਂਦੇ ਹੁੰਦੇ ਸਨ।

– ਪੁਤਰ ਧਰਮੇ ਤੂੰ ਬੜਾ ਥਕਿਆ ਥਕਿਆ ਲਗਦਾ ਏ। ਕੰਮ ਵੀ ਸਾਰਾ ਤੈਨੂੰ ਈ ਕਰਨਾ ਪੈਂਦੇ। ਨਾਲੇ ਇਸ ਸਾਲ ਤੂੰ ਕਿਤੇ ਗਿਆ ਵੀ ਤਾਂ ਨਹੀਂ। ਪਿਛਲੇ ਸਾਲ ਤਾਂ ਮੈਂ ਤੈਨੂੰ ਹਰਦਵਾਰ ਦੇ ਦਰਸ਼ਨਾਂ ਲਈ ਲੈ ਗਿਆ ਸੀ। ਜਾ ਕੁਝ ਦਿਨ ਨੈਣਾਂ ਦੇਵੀ ਘੁੰਮ ਆ। ਆਉਂਦਾ ਹੋਇਆ ਆਨੰਦਪੁਰ ਸਾਹਿਬ ਦੇ ਵੀ ਦਰਸ਼ਨ ਕਰਦਾ ਆਵੀਂ। ਥਕੇਵਾਂ ਉਤਰ ਜਾਵੇਗਾ। ਦਿਲ ਬਹਿਲ ਜਾਵੇਗਾ।

– ਨਹੀਂ ਬਾਪੂ ਜੀ, ਹੁਣ ਤਾਂ ਕਿਤੇ ਵੀ ਜਾਣ ਨੂੰ ਦਿਲ ਨਹੀਂ ਕਰਦਾ। ਕੰਮ ਵੀ ਪਹਿਲਾਂ ਨਾਲੋਂ ਕੋਈ ਬਹੁਤਾ ਨਹੀਂ – ਪਰ ਮਨ ਥਕਿਆ ਥਕਿਆ ਰਹਿੰਦਾ ਏ।

– ਕਿਉਂ ਕੀ ਗਲ ਪੁਤਰ ? ਕੋਈ ਗਲ ਦਿਲ ਉਤੇ ਨਹੀਂ ਲਾਈਦੀ। ਲੋਕੀ ਤਾਂ ਬਹੁਤ ਕੁਝ ਕਹਿੰਦੇ ਰਹਿੰਦੇ ਨੇ।

– ਬਾਪੂ ਜੀ ਕਈ ਦਿਨਾਂ ਤੋਂ ਇਕ ਗਲ ਪੁਛਣ ਪੁਛਣ ਕਰ ਰਿਹਾ ਹਾਂ।

– ਪੁਛ ਪੁਤਰ, ਜਿਹੜੀ ਗਲ ਮਰਜ਼ੀ ਪੁਛ। ਤੂੰ ਹੀ ਤਾਂ ਮੇਰਾ ਸਭ ਕੁਝ ਹੈ। ਤੇਰੀ ਮੈਂ ਹਰ ਰੀਝ ਪੂਰੀ ਕਰਾਂਗਾ।

ਬਾਬਾ ਜੀ ਆਪਣੇ ਪੁਤਰ ਦੇ ਮੋਢੇ ਉਤੇ ਹੱਥ ਰਖ ਕੇ ਕਹਿੰਦੇ ਹਨ – ਕਿਉਂ ਪੁਤਰ ਚੁਪ ਕਿਉਂ ਹੋ ਗਿਆ ? ਕਿਹੜੀ ਰਾਜ਼ ਵਾਲੀ ਗਲ ਪੁਛਣੀ ਹੈ ! ਪੁਛ ਲੈ ਨਾ!

– ਨਹੀਂ ਬਾਪੂ ਜੀ ਹੁਣ ਨਹੀਂ, ਰਾਤ ਨੂੰ ਪੁਛਾਂਗਾ।

– ਭੱਲਾ ਪੁਤ !

ਨਿਤ ਵਾਂਗ ਧਰਮਦਾਸ ਅਜ ਆਪਣੇ ਪਿਉ ਦੇ ਮੰਜੇ ਉਤੇ ਨਹੀਂ ਬੈਠਾ। ਪਰਾਂਹ ਹੀ ਖੜਾ ਪੁਛਦਾ ਹੈ – 'ਕੀ ਸਚੀ ਹੀ ਤੁਸੀਂ ਸਾਨੂੰ ਪੰਜਾਬ ਵਿਚੋਂ ਬਾਹਰ ਕੱਢ ਦਿਓਗੇ ?'

ਬਾਬਾ ਭਰਪੂਰ ਸਿੰਘ ਨੇ ਕੋਈ ਉਤਰ ਨਹੀਂ ਦਿਤਾ। ਚੁਪ ਚਾਪ ਲੰਮਾ ਪਿਆ ਰਿਹਾ ਹੈ।

ਧਰਮਦਾਸ ਨੀਵੀਂ ਪਾਈ ਖੜਾ ਹੈ। ਕੁਝ ਦੇਰ ਉਤਰ ਉਡੀਕਦਾ ਰਿਹਾ। ਤੇ ਫਿਰ ਰਜ਼ਾਈ ਬਾਬਾ ਜੀ ਉਤੇ ਠੀਕ ਤਰ੍ਹਾਂ ਪਾ ਕੇ ਚਲਾ ਗਿਆ।

ਚਾਨਣ ਹੋ ਗਿਆ ਹੈ। ਸੂਰਜ ਨਿਕਲ ਆਇਆ ਹੈ। ਪਰ ਅਜ ਬਾਬਾ ਜੀ ਹਾਲੀ ਤਕ ਨਹੀਂ ਉਠੇ। ਜਪੁਜੀ ਦੀ ਸੁਰ ਨਹੀਂ ਗੂੰਜੀ। ਬਾਬਾ ਜੀ ਉਠਾਇਆ ਵੀ ਨਹੀਂ ਉਠੇ। ਹਿਲਾਇਆਂ ਵੀ ਨਹੀਂ ਹਿੱਲੇ।

---

ਕਹਾਣੀ o

## ਭਰਿੰਡਾਂ

o

ਐਸ ਤਰਸੇਮ

ਇਕ, ਦੋ, ਤਿੰਨ, ਚਾਰ,...ਵਿਹੜੇ ਵਿਚ ਉੱਡਦੀਆਂ ਭਰਿੰਡਾਂ ਮੈਂ ਗਿਣ ਹੀ ਰਿਹਾ ਸੀ ਕਿ ਕ੍ਰਾਂਤੀ ਨੇ ਕੰਧਾਂ ਤੇ ਬੈਠੀ ਭਰਿੰਡ ਚੱਪਲੀ ਮਾਰ ਕੇ ਚਿਪ ਦਿਤੀ। ਪਹਿਲੀ ਪਿਛੋਂ ਦੂਜੀ ਤੇ ਫੇਰ ਤੀਜੀ ਭਰਿੰਡ ਦਾ ਸ਼ਿਕਾਰ ਉਹ ਖੇਡਦਾ ਰਿਹਾ, ਲਾਲ ਨਿਕਰ ਪਾਈ ਉਹ ਭਰਿੰਡਾਂ ਪਿੱਛੇ ਭਜਦਾ ਮੈਨੂੰ ਬੜਾ ਚੰਗਾ ਲਗਦਾ ਸੀ।

ਪਹਿਲਾਂ ਮੇਰੀ ਪਤਨੀ ਭਰਿੰਡਾਂ ਮਾਰਨ ਨਹੀਂ ਸੀ ਦਿੰਦੀ। ਉਸ ਨੇ ਤਾਂ ਕਦੇ ਮੱਖੀ ਮੱਛਰ ਵੀ ਨਹੀਂ ਸੀ ਮਾਰਨ ਦਿਤਾ। ਇਕ ਵਾਰੀ ਸਿਹਤ ਮਹਿਕਮੇ ਦੇ ਕਰਮਚਾਰੀ ਮੱਛਰ ਮਾਰ ਦਵਾਈ ਛਿੜਕਣ ਆਏ ਤੇ ਉਹ ਅਲੀ-ਅਲੀ ਕਰਕੇ ਉਨ੍ਹਾਂ ਦੇ ਪਿਛੇ ਪੈ ਗਈ "ਵਾਧੂ ਪਾਪ। ਸਾਡੇ ਤਾਂ ਕੋਈ ਮੱਛਰ ਹੈ ਹੀ ਨਹੀਂ।" ਮੁੜਕੇ ਮੱਛਰ ਮਾਰਨ ਵਾਲੇ ਸਾਡੇ ਘਰ ਨਹੀਂ ਸਨ ਵੜੇ।

ਭਰਿੰਡਾ ਦਾ ਛੱਤਾ ਸਾਡੇ ਗੁਆਂਢੀ ਨੀਲੂ ਜ਼ੈਲਦਾਰਾਂ ਦੇ ਨੌਹਰੇ ਦੀ ਕੱਚੀ ਕੰਧ ਤੇ ਲੱਗਿਆ ਹੋਇਆ ਸੀ।

ਜੁਆਕ ਚੌੜ 'ਚੋਂ' ਆ ਕੇ ਛੱਤੇ ਵਲ ਰੋੜੀਆਂ ਮਾਰਦੇ ਰਹਿੰਦੇ। ਭਰਿੰਡਾ ਉਡਦੀਆਂ ਰਹਿੰਦੀਆਂ ਕਦੇ ਸਾਡੇ ਤੇ ਕਦੇ ਸੱਘੜ ਨਾਈ ਦੇ ਘਰੇ ਆ ਧਮਕਦੀਆਂ। ਮੇਰੀ ਪਤਨੀ ਦਾ ਖੂਨ ਪਤਾ ਨਹੀਂ ਮਿੱਠਾ ਸੀ ਭਰਿੰਡਾ ਸਭ ਤੋਂ ਵਧ ਉਸ ਦੇ ਲੜਦੀਆਂ। ਜੇ ਭਰਿੰਡ ਉਸ ਦੀ ਗਰਦਨ ਜਾਂ ਮੂੰਹ ਤੇ ਲੜਦੀ, ਤਾਂ ਮੂੰਹ ਸੁੱਜ ਕੇ ਭੜੋਲੇ ਵਰਗਾ ਹੋ ਜਾਂਦਾ। ਅੱਖਾਂ ਸੁੱਜ ਕੇ ਮਿਚ ਜਾਂਦੀਆਂ ਨਕ ਵਿਚ ਜਲੂਣ ਹੁੰਦੀ ਰਹਿੰਦੀ। ਜਿੰਨ੍ਹਾਂ ਚਿਰ ਸੋਜ਼ ਨਾ ਉਤਰਦੀ, ਉਹ ਆਪਣੇ ਮੂੰਹ ਨੂੰ ਖੁਰਕਦੀ ਰਹਿੰਦੀ ਜਦੋਂ ਇਕ ਵਾਰ ਭਰਿੰਡ ਹੱਥ ਤੇ ਲੜੀ ਸੀ, ਹੱਥ ਉਸਦਾ ਪਾਥੀ ਵਰਗਾ ਹੋ ਗਿਆ ਸੀ। ਕਿੰਨੇ ਦਿਨ ਝੂੰ ਜਿਹੀ ਉੱਠਦੀ ਰਹੀ ਉਸ ਨੇ ਦੂਜੇ ਹੱਥ ਨਾਲ ਸੁਜਿਆ ਹੱਥ ਖੁਰਕ-ਖੁਰਕ ਕੇ ਝਰੀੜ ਲਿਆ।

ਮੈਂ ਭਰਿੰਡਾਂ ਤੋਂ ਬਚ ਬਚ ਤੁਰਦਾ, ਪਰ ਉਨ੍ਹਾਂ ਦੀ ਕਰੋਪੀ ਦਾ ਸ਼ਿਕਾਰ ਫੇਰ ਵੀ ਮੈਨੂੰ ਦੋ ਵਾਰ ਹੋਣਾ ਪਿਆ। ਕ੍ਰਾਂਤੀ ਦੇ ਜਿਸ ਦਿਨ ਦੀ ਭਰਿੰਡ ਲੜੀ ਸੀ, ਉਹ ਉਹਨਾਂ ਦਾ ਸ਼ਿਕਾਰੀ ਬਣ ਗਿਆ ਸੀ। ਮੈਂ ਵੀ ਭਰਿੰਡ ਮਾਰਨ ਦੀ ਕੋਸ਼ਿਸ਼ ਕਰਦਾ ਪਰ ਮੈਥੋਂ ਕਦੇ ਕੋਈ ਭਰਿੰਡ ਨਾ ਮਰਦੀ। ਮੇਰੀ ਪਤਨੀ ਨੇ ਕਦੇ ਭਰਿੰਡ ਮਾਰਨ ਦਾ ਹੀਆ ਹੀ ਨਹੀਂ ਸੀ ਕੀਤਾ।

ਜਦੋਂ ਕ੍ਰਾਂਤੀ ਭਰਿੰਡਾ ਮਾਰਦਾ ਇਧਰ ਉਧਰ ਭੱਜਦਾ ਤਾਂ ਮੇਰਾ ਛੋਟਾ ਕਾਕਾ ਬਾਬੀ ਉਸ ਨੂੰ "ਬਾਂਦਰ ਸੈਨਾ" ਕਹਿੰਕੇ ਖਿਝਾਉਂਦਾ ਰਹਿੰਦਾ। ਉਹ ਆਪ ਵੀ ਭਰਿੰਡਾ ਮਾਰਨ ਤੋਂ ਜੇਰਾ ਡਰਦਾ ਸੀ। ਮੇਰੇ ਟੋਕਣ ਤੇ ਵੀ ਉਹ ਨਾ ਹਟਦਾ। ਸ਼ਾਇਦ ਕ੍ਰਾਂਤੀ ਦੀ ਲਾਲ ਨਿੱਕਰ ਹੀ ਉਸ ਨੂੰ ਬਾਂਦਰ ਸੈਨਾਂ ਕਹਾਉਣ ਦੀ ਜ਼ੁਮੇਵਾਰ ਸੀ।

ਲਾਲ ਨਿੱਕਰ ਉਸ ਨੇ ਪਿਛਲੇ ਸਾਲ ਰਿਹਾੜ ਪੈ ਕੇ ਸਮਾਈ ਸੀ। ਪਿਛਲੇ ਸਾਲ ਦੇ ਨਿਰਾਤਿਆਂ ਵਿਚ ਸ਼ਹਿਰ ਦੀ ਇਕ ਰਾਮ ਲੀਲਾ ਮੰਡਲੀ ਸਾਡੇ ਪਿੰਡ ਆਈ। ਹਨੂੰਮਾਨ ਦੀ ਸੈਨਾ ਦੇ ਲਾਲ ਕਪੜੇ ਪਹਿਨੇ ਹੁੰਦੇ ਤੇ ਕ੍ਰਾਂਤੀ ਉਸ ਕਾਰਨ ਲਾਲ ਨਿੱਕਰ ਸਵਾਉਣ ਲਈ ਕਹਿੰਦਾ ਰਹਿੰਦਾ ਉਸ ਨੇ ਹਨੂੰਮਾਨ ਦੀ ਸੈਨਾ ਵਾਂਗ ਕਈ ਤੀਰ ਕਮਾਨ ਬਣਾਏ। ਕਈ ਮਹੀਨੇ ਉਹ ਤੀਰ ਹਵਾ ਵਿਚ ਛੱਡਦਾ ਰਿਹਾ ਤੇ ਇੰਜ ਉਸ ਨੂੰ ਨਿਸ਼ਾਨੇ ਲਾਉਣ ਦਾ ਸ਼ੌਕ ਪੈਦਾ ਹੋ ਗਿਆ।

ਮੈਂ ਬਰਾਂਡੇ ਵਿਚ ਅਜੇ ਪਿੱਠ ਸਿੱਧੀ ਕਰੀ ਹੀ ਸੀ ਕਿ ਭਰਿੰਡਾਂ ਇਕ ਦੋ, ਤਿੰਨ, ਚਾਰ, ਕਰਕੇ ਵਿਹੜੇ ਵਿਚ ਆਉਣੀਆਂ ਸ਼ੁਰੂ ਹੋ ਗਈਆਂ। ਕ੍ਰਾਂਤੀ ਨੇ ਆਪਣਾ ਕੰਮ ਸ਼ੁਰੂ ਕਰ ਦਿਤਾ ਤੇ ਬਾਬੀ ਆਪਣੀ ਆਦਤ ਅਨੁਸਾਰ ਕ੍ਰਾਂਤੀ ਨੂੰ ਛੇੜਨ ਲਗ ਪਿਆ, "ਉਏ ਬਾਬਿਆ, ਬਾਂਦਰ ਸੈਨਾ, ਨਾ ਆਖ ਇਹ ਲਾਲ ਸੈਨੈ" ਸੁਤੇ ਸਿਧ ਅੰਦਰ ਬੈਠੇ ਮੇਰੇ ਮੂੰਹੋਂ ਕਿਹਾ ਗਿਆ, ਸ਼ਾਇਦ ਇਹ ਮੇਰੇ ਦਿਲ ਦੀ ਅਵਾਜ਼ ਸੀ। ਮੈਂ ਸੋਚਿਆਂ ਜ਼ੈਲਦਾਰ ਇਹ ਛੱਤਾ ਲੁਹਾ ਕਿਉਂ ਨਹੀਂ ਦਿੰਦਾ। ਕਈ ਵਾਰ ਕਹਿਣ ਤੇ ਵੀ ਉਸ ਦੇ ਕੰਨ ਤੇ ਜੂੰ ਨਹੀਂ ਸੀ ਸਰਕੀ। ਭੱਲਾਂ ਭਰਿੰਡਾ ਦਾ ਕੀ ਫਾਇਦੈ? ਉਹਦੇ ਵੀ ਲੜ ਸਕਦੀਂ ਐਂ, ਉਹਦੀ ਪਤਨੀ ਤੇ ਜੁਆਕਾਂ ਦੇ ਵੀ। ਪਰ ਮੇਰੀ ਸੋਚ ਨੇ ਫੇਰ ਕਰਵਟ ਲਈ ਉਹਨੂੰ ਕੀ ਲੋੜ ਐ? ਨੌਹਰੇ ਵਿਚ ਸਾਲ ਛਮਾਹੀ ਗੇੜਾ ਮਾਰਦਾ ਹੋਊ। ਮੇਘਾ ਝਿਊਰ ਧਾਰ ਕੱਢਦੈ, ਸੀਰੀ ਪੱਠੇ ਪਾਉਂਦੈ ਤੇ ਸੀਰਣ ਗੋਹਾ ਕੂੜਾ ਕਰਦੀ ਐ। ਨਾ ਇਥੇ ਜ਼ੈਲਦਾਰਨੀ ਆਵੇ ਤੇ ਨਾ ਜ਼ੈਲਦਾਰ, ਜ਼ੈਲਦਾਰ ਦੇ ਸਾਹਿਬਜ਼ਾਦਿਆਂ ਨੇ ਇਥੇ ਆ ਕੇ ਕੀ ਕਰਨੈ? ਪੱਕੀ ਹਵੇਲੀ ਦੁੱਧ ਚੋਇਆ ਚੁਆਇਆ ਪਹੁੰਚ ਜਾਂਦੈ, ਫੇਰ ਇਕ ਤੋਂ ਪਿਛੋਂ ਦੂਜੀ ਤੇ ਦੂਜੀ ਪਿਛੋਂ ਤੀਜੀ ਜ਼ੈਲਦਾਰ ਦੀ ਕਰਤੂਤ ਮੇਰੀਆਂ ਅੱਖਾਂ ਸਾਹਮਣੇ ਘੁੰਮਣ ਲਗੀ ਉਸ ਦੇ ਖਰਬੇ ਬੋਲ ਮੇਰੇ ਕੰਨਾਂ ਨੂੰ ਪਾੜਨ ਲਗੇ।

ਮੈਨੂੰ ਯਾਦ ਆਇਆ ਕਿ ਜਦ ਪਿਛਲੇ ਸਾਲ ਤਕਾਵੀਆਂ ਵੇਲੇ ਜੱਟਾਂ ਨੂੰ ਪੁਲਿਸ ਨੇ ਆ ਬਗਲਿਆ, ਜ਼ੈਲਦਾਰ ਦੇ ਘਰ ਕੁੱਕੜ ਰਿੱਝੇ ਤੇ ਸ਼ਰਾਬਾਂ ਉੱਡੀਆ ਦਿਤੀ ਵੱਢੀ ਜਦ ਜ਼ੈਲਦਾਰ ਰਾਹੀ ਤਹਿਸੀਲਦਾਰ ਨੂੰ ਪਹੁੰਚੀ ਤਾਂ ਕਿਤੇ ਜਾ ਕੇ ਸੂਤ ਆਈ ਗਲ।

ਮੈਂ ਤਾਂ ਸਭ ਤੋਂ ਵਧ ਉਸਦੀਆਂ ਅੱਖਾਂ ਵਿਚ ਰਕੜਦਾ ਹਾਂ। ਭਲਾਂ ਮੈਂ ਉਸ ਦਾ ਕੀ ਵਗਾੜਿਐ? ਬਸ ਇਹੋ ਕਿ ਉਸ ਦੇ ਆਖੇ ਪੰਚਾਇਤ ਦੀਆਂ ਚੋਣਾਂ ਵਿਚ ਵੋਟ ਨਹੀਂ ਸੀ ਪਾਈ। ਅਫੀਮ ਮੇਰੇ ਘਰ ਰਾਤ ਨੂੰ ਸੁਟਵਾਈ ਗਈ ਤੇ ਦਿਨ ਚੜ੍ਹਦੇ ਤੋਂ ਪਹਿਲਾਂ-ਪਹਿਲਾਂ ਪੁਲਸ ਨੇ ਮੈਨੂੰ ਘੇਰਾ ਪਾ ਲਿਆ। ਛੇ ਮਹੀਨੇ ਕੈਦ ਕੱਟੀ, ਹੁਣ ਮੈਂ ਸੋਚਦਾ ਹਾਂ 'ਚਲੋ ਵੋਟ ਤਾਂ ਜ਼ੈਲਦਾਰ ਆਖੇ ਪਾ ਦਿੰਦੇ ਪਰ ਇਹਦਾ ਕੀ ਪਤਾ ਓਡਾਂ ਦੀ ਗਧੀ ਦਾ, ਇਹਦਾ ਕੋਈ ਦੀਨ ਨਹੀਂ, ਧਰਮ ਨਹੀਂ ਜਿਹੜੀ ਸਰਕਾਰ ਆਵੇ, ਉਸੇ ਦਾ ਬਣ ਬਹਿੰਦੈ। ਠਾਣੇ, ਤਹਿਸੀਲ ਇਹਦੀ ਚਲਦੀ ਐ। ਦੋ ਸੌ ਵਿਚੋਂ ਤਹਿਸੀਲ-ਦਾਰ ਨੂੰ ਦਿਤਾ ਤਿੰਨ ਸੌ ਆਪਣੀ ਜੇਬ ਵਿਚ ਪਾ ਲਿਆ। ਘੋੜੀ ਮੀਰੂ ਮਰਾਸ਼ੀ ਦੀ ਤੇ ਟੌਹਰ ਜ਼ੈਲਦਾਰ ਦੀ। ਜਦ ਠਾਣੇਦਾਰ ਆਉਂਦੈਂ ਬਸ ਆਵਦੇ ਮੁੰਡੇ ਦਾ ਸਕੂਟਰ ਦੇ ਕੇ ਤੇ ਕਦੇ ਮੀਰੂ ਦੀ ਘੋੜੀ ਪੇਸ਼ ਕਰਕੇ, ਅੱਧਿਓਂ, ਵਧ ਕੰਮ ਕੱਢ ਲੈਂਦੈ ਢਿੱਡਲ ਠਾਣੇਦਾਰ, ਮੋਟੇ ਸ਼ੀਸ਼ਿਆਂ ਵਾਲੀ ਐਨਕ ਵਾਲਾਂ ਤਹਿਸੀਲਦਾਰ ਤੇ ਹੋਰ ਸਰਕਾਰੀ ਅਮਲੇ ਫੈਲੇ ਵਾਰੇ ਸੋਚ ਕੇ ਮੇਰੀ ਨਫਰਤ ਜਿਵੇਂ ਹੋਰ ਵਧਦੀ ਜਾ ਰਹੀ ਸੀ। ਪਰ ਖੇਤੀ ਬਾੜੀ ਇੰਸਪੈਕਟਰ ਸ਼ਰਮਾ ਤਾਂ ਅਜਿਹਾ ਨਹੀਂ ਸੀ। ਉਹ ਜਾਂ ਤਾਂ ਮੇਰੇ ਕੋਲ ਆਉਂਦਾ ਜਾਂ ਸੱਥ ਵਿਚ ਸਿਧਾ ਜਾਂਦਾ। ਜ਼ੈਲਦਾਰ ਦੇ

ਉਹ ਕਦੇ ਨਹੀਂ ਸੀ ਗਿਆ ਸ਼ਾਇਦ ਇਸੇ ਕਰਕੇ ਉਹ ਚਾਰ ਮਹੀਨੇ ਵੀ ਨਹੀਂ ਸੀ ਕੱਟ ਸਕਿਆ। ਉਸ ਦੀ ਬਦਲੀ ਬੇਟ ਦੇ ਇਲਾਕੇ ਦੀ ਕਰਵਾ ਦਿੱਤੀ ਗਈ।

ਸਾਰੇ ਅਫ਼ਸਰ ਇਕੋ ਜਿਹੇ ਤਾਂ ਨਹੀਂ ਹੁੰਦੇ ਪਰ ਜੋ ਜ਼ੈਲਦਾਰ ਦੇ ਮੇਚ ਨਾ ਆਵੇਂ, ਉਹ ਇਸ ਇਲਾਕੇ ਵਿਚ ਨਹੀਂ ਸੀ ਰਹਿ ਸਕਦਾ। ਮੈਂ ਅਜੇ ਸੋਚ ਹੀ ਰਿਹਾ ਸੀ ਕਿ ਮੇਰੀ ਪਤਨੀ ਨੇ ਚੀਕ ਮਾਰੀ। ਇਸ ਤਰ੍ਹਾਂ ਦੀ ਚੀਕ ਉਹ ਭਰਿੰਡ ਲੜਨ ਤੇ ਹੀ ਮਾਰਿਆ ਕਰਦੀ ਸੀ। ਮੈਂ ਬਾਹਰ ਨਿਕਲਿਆ ਬਾਬੀ ਆਪਣੀ ਮਾਂ ਦੀ ਬਾਂਹ ਤੇ ਚਾਕੂ ਘਸਾ ਰਿਹਾ ਸੀ। "ਕੇ ਲਿਆ ਕ੍ਰਾਂਤੀ ਅੰਬ ਦਾ 'ਚਾਰ ਜੋ ਮਾੜੀ ਮੁਟੀ ਜ਼ਹਿਰ ਚੜ੍ਹਨ ਤੋਂ ਬਚ ਜਾਵਾਂ।" ਮੇਰੀ ਪਤਨੀ ਚੀਸ ਵਟਦੀ ਕਹਿ ਰਹੀ ਸੀ, "ਲੈ ਮੰਮੀ ਜਿਹੜੀ ਭਰਿੰਡ ਤੇਰੇ ਲੜੀ ਸੀ ਨਾ ਉਹ ਤਾਂ ਚਿੱਪਤੀ" ਤੇ ਕ੍ਰਾਂਤੀ ਅੰਬ ਦਾ ਅਚਾਰ ਲੈਣ ਲਈ ਰਸੋਈ ਵਿਚ ਵੜ ਗਿਆ।

",ਫੂਕ ਦਿਓ ਵੇ ਇੰਨ੍ਹਾਂ ਭਰਿੰਡਾਂ ਨੂੰ ਨਿੱਤ ਲੜਦੀਐਂ। ਐਂ ਨ੍ਹੀਂ ਰਿਹਾ ਜਾਣਾ ਇਸ ਘਰ ਵਿਚ," ਮੇਰੀ ਪਤਨੀ ਡੁਸਕਦੀ ਡੁਸਕਦੀ ਕਹਿ ਰਹੀ ਸੀ। "ਇਕ ਦੋ ਭਰਿੰਡਾਂ ਮਾਰਿਆ ਗਲ ਨਹੀਂ ਬਣਦੀ, ਇਸ ਛੱਤੇ ਨੂੰ ਹੀ ਅੱਗ ਲਾ ਦਿਓ।" ਇਹ ਮੇਰੇ ਦਿਲ ਦੀ ਆਵਾਜ਼ ਸੀ। ਕ੍ਰਾਂਤੀ ਹੋਰ ਕੀ ਚਾਹੁੰਦਾ ਸੀ। ਏਨੀ ਹੱਲਾ ਸ਼ੇਰੀ ਸੀ ਉਸ ਨੂੰ ਸ਼ਿਕਾਰ ਕਰਨ ਲਈ ਕਾਫੀ ਸੀ। ਉਸ ਨੇ ਬਾਰ ਖੋਲ ਕੇ ਸੱਘੜ ਨਾਈ ਤੇ ਮੇਘੂ ਝਿਉਰ ਦੇ ਨਿਆਣਿਆ ਨੂੰ ਹਾਕਾਂ ਮਾਰਨੀਆ ਸ਼ੁਰੂ ਕਰ ਦਿੱਤੀਆਂ। "ਆਓ ਉਏ ਛੱਤਾ ਫੂਕੀਏ ਜ਼ੈਲਦਾਰ ਦਾ।" ਸੁਣ ਉਸ ਦੇ ਕਈ ਹਾਣੀ ਬਾਹਰ ਨਿਕਲ ਆਏ। ਵੇਖਦੇ ਹੀ ਵੇਖਦੇ ਇਕ ਵੰਝ ਤੇ ਕਪੜਾ ਲਪੇਟ ਕੇ ਮਿੱਟੀ ਦਾ ਤੇਲ ਛਿੜਕ ਲਿਆ ਗਿਆ ਬਾਂਸ ਨੂੰ ਅੱਗ ਲਾ ਕੇ ਕ੍ਰਾਂਤੀ ਸਭ ਤੋਂ ਅਗੇ ਤੁਰ ਪਿਆ, ਲਾਲ ਸੈਨਾਂ ਦਾ ਜਿਵੇਂ ਸੈਨਾ ਪਤੀ ਜਾ ਰਿਹਾ ਹੋਵੇ।

ਹਲਾ ਹਲਾ ਕਰਦੇ ਅਗਵਾੜ ਦੇ ਹੋਰ ਨਿਆਣੇ ਉਸ ਦੇ ਮਗਰ ਸਨ। "ਕਿਉਂ? ਛੱਤਾ ਫੂਕਨ ਚਲੇਉਂ।" ਪਾਥੀਆਂ ਸਿਧੀਆਂ ਕਰਦੀ ਜ਼ੈਲਦਾਰ ਦੀ ਸੀਰਣ ਬੋਲੀ। ਕ੍ਰਾਂਤੀ ਬਿਨਾਂ ਬੋਲੇ ਹਾਂ ਵਿਚ ਸਿਰ ਹਲਾ ਕੇ ਲੰਘ ਗਿਆ। "ਚੰਗਾ ਪੁੱਤ, ਇਹ ਤਾਂ ਬਾਹਲਾ ਚੰਗਾ ਕੀਤਾ ਤੂੰ। ਮੈਂ ਕਈ ਵਾਰ ਜ਼ੈਲਦਾਰਨੀ ਨੂੰ ਆਖਿਆ ਸੀ, ਪਰ ਉਹ ਕਹਿਣ ਲਗੀ 'ਅਸੀਂ ਨ੍ਹੀਂ ਪਾਪ ਕਰਨਾ।' ਭਲਾ ਭਰਿੰਡਾ ਨੂੰ ਮਾਰਨ ਦਾ ਕਾਹਦਾ ਪਾਪ ਐ? ਚੰਗਾ ਪੁੱਤ ਬਾਹਲਾ ਈ ਚੰਗਾ ਕੀਤਾ।" ਸੀਰਣ ਹੌਲੀ ਹੌਲੀ ਬੋਲੀ ਜਾ ਰਹੀ ਸੀ, ਜਿਵੇਂ ਉਹ ਰੱਬ ਦਾ ਸੌ ਸੌ ਸ਼ੁਕਰ ਕਰ ਰਹੀ ਹੋਵੇ।

ਪੌੜੀਆਂ ਚੜ੍ਹਦੇ ਚੜ੍ਹਦੇ ਇਕ ਹੋਰ ਗਲ ਮੇਰੇ ਦਿਮਾਗ਼ ਵਿਚ ਖੜਕ ਪਈ ਅਜ ਛੱਤਾ ਫੂਕਿਐ, ਕੰਧ ਤਾਂ ਨ੍ਹੀਂ ਕਿਧਰੇ ਗਈ ਕਲ੍ਹ ਨੂੰ ਫੇਰ ਆ ਚਿਮਟਣਗੀਆਂ। ਇਹ ਤਾਂ ਰਲ ਕੇ ਕੰਧ ਈ ਡੇਗਣੀ ਪਊ। ਉੱਚੀ ਲੰਬੀ ਝਿਉੜਾ ਵਾਲੀ ਕੰਧ।

ਮੈਂ ਆਪਣੇ ਕੋਠੇ ਤੇ ਖੜਾ ਸਭ ਕੁਝ ਦੇਖਦਾ ਰਿਹਾ ਸੀ। ਅੱਗ ਦਾ ਭਮੂਕਾ ਕਬੂਤਰ ਦੇ ਆਲ੍ਹਣੇ ਤੋਂ ਥੋੜਾ ਜਿਹਾ ਹੀ ਉਰ੍ਹਾਂ ਸੀ। ਸੋਚਿਆ ਕਿਤੇ ਨਿਆਣੇ ਮੱਤ ਵਿਚ ਆਲ੍ਹਣਾ ਨਾ ਫੂਕ ਦੇਣ, ਕਿਤੇ ਕਬੂਤਰ ਨਾ ਮੱਚ ਕੇ ਵਿਚਾਰਾ ਨਿਰਦੋਸ਼ ਨਾ ਮਾਰਿਆ ਜਾਵੇ। ਕ੍ਰਾਂਤੀ ਬੜੀ ਚੁਸਤੀ ਨਾਲ ਛੱਤੇ ਦਾ ਖੁਰਾ ਖੋਜ ਮਿਟਾ ਰਿਹਾ ਸੀ।

ਬਹੁਤੀਆਂ ਭਰਿੰਡਾਂ ਹੌਲਾ ਵਾਂਗ ਭੁਜ ਗਈਆ। ਕੁਝ ਏਧਰ ਉਧਰ ਉੱਡਣ ਲਗ ਪੀਆਂ। ਕਈ ਜਵਾਕ ਡਰਦੇ ਮਾਰੇ ਪਿਛੇ ਨੂੰ ਹਟ ਗਏ। ਪਰ ਸੱਘੜ ਨਾਈ ਦਾ ਕਰੇਲੂ ਤੇ ਮੇਘੂ ਝਿਉਰ ਦਾ ਚੰਦ, ਕ੍ਰਾਂਤੀ ਤੋਂ ਵੀ ਵਧੇਰੇ ਦਲੇਰ ਜਾਪਦੇ ਸਨ। ਜਿਹੜੀਆਂ ਭਰਿੰਡਾ ਬੌਂਦਲ ਕੇ ਹੇਠਾ ਡਿੱਗਦੀਆਂ, ਉਹ ਰੋੜੇ ਮਾਰ ਕੇ ਉਨ੍ਹਾਂ ਨੂੰ ਚੋਪੜੀ ਜਾਂਦੇ। ਇਕ ਭਰਿੰਡ ਕਰੇਲੂ ਦੀ ਖੱਬੀ ਬਾਂਹ ਤੇ ਪਤਾ ਨਹੀਂ ਕਦੋਂ ਆ ਬੈਠੀ ਉਦੋਂ ਹੀ ਪਤਾ ਲਗਿਆ ਜਦੋਂ ਕਰੇਲੂ ਨੇ ਆਖਿਆ, "ਊਈ, ਕੰਜਰ ਦੀਆਂ ਮਰਦੀਆਂ-ਮਰਦੀਆਂ ਵੀ ਪੰਗਾ ਲੈਣੋ ਨਹੀਂ ਹਟਦੀਆਂ।" ਉਸ ਨੇ ਗਲ ਵਿਚਲਾ ਸ਼ਿੰਗ ਤਵੀਤ ਲਾਹਿਆ ਲੋਹੇ ਦਾ ਇਹ ਸ਼ਿੰਗ ਖੱਬੀ ਬਾਹ ਤੇ ਪੰਜ ਦੱਤ ਵਾਰੀ ਘਸਾਇਆ ਤੇ ਫਿਰ ਭਰਿੰਡਾਂ ਵਲ ਰੋੜੇ ਮਾਰਨ ਵਿਚ ਜੁੱਟ ਗਿਆ। ਚੰਦ ਵਨ੍ਹੀਂ ਵੀ ਜਿਵੇਂ ਕਈ ਭਰਿੰਡਾ ਵਧਦੀਆ ਆ ਰਹੀਆ ਸਨ। ਉਸ ਨੇ ਬੜੀ ਫੁਰਤੀ ਨਾਲ ਆਪਣਾ ਕੁੜਤਾ ਲਾਹਿਆ ਦੋ, ਤਿੰਨ, ਭਰਿੰਡਾਂ ਨੂੰ, ਕੁੜਤਾ ਹਵਾ ਵਿਚ ਵਗਾਹ ਕੇ ਭੁਜੇ ਸੁਟ ਲਿਆ। ਭੋਲੂ ਬਾਣੀਏ ਦੀ ਘੁਕੀ ਦੇ ਵੀ ਇਕ ਭਰਿੰਡ ਲੜ ਗਈ ਤੇ ਉਹ ਬਾਈ-ਬਾਈ ਕਰਦੀ ਵਿਲਕਦੀ ਹੋਈ ਆਪਣੇ ਘਰ ਵਲ ਤੁਰ ਪਈ। ਮੇਰੀ ਪਤਨੀ ਕੋਠੇ ਤੇ ਮੇਰੇ ਕੋਲ ਖੜ੍ਹੀ ਰਹੀ ਉਹ ਕਦੇ ਆਪਣਾ ਨੱਕ ਮਲਦੀ, ਕਦੇ ਅੱਖਾਂ ਮੀਚਦੀ, ਕਦੇ ਆਪਣੇ ਬੁੱਲ੍ਹਾਂ ਦੀ ਹਰਕਤ ਨਾਲ ਆਪਣੀ ਨਫਰਤ ਪ੍ਰਗਟਾਉਂਦੀ ਰਹੀ। ਕ੍ਰਾਂਤੀ ਵੀ ਆਪਣੇ ਵਲ ਵਧਦੀਆਂ ਆ ਰਹੀਆਂ ਭਰਿੰਡਾਂ ਤੋਂ ਬੜੀ ਹੁਸ਼ਿਆਰੀ ਨਾਲ ਬਚਦਾ ਰਿਹਾ। ਜਿਹੜੀਆਂ ਭਰਿੰਡਾ ਮੱਚ ਗਈਆਂ ਸੋ, ਮੱਚ ਗੀਆਂ। ਬਾਕੀ ਜੁਆਕਾਂ ਨੇ ਰੋੜੇ ਮਾਰ-ਮਾਰ ਕੇ ਮਾਰ ਦਿੱਤੀਆਂ। ਕ੍ਰਾਂਤੀ ਅਜੇ ਵੀ ਛੱਤੇ ਦੀ ਰਹਿੰਦ-ਖੂੰਹਦ ਨੂੰ ਵੰਝ ਨਾਲ ਖੁਰਚ ਰਿਹਾ ਸੀ।

ਅੱਜ ਮੈਨੂੰ ਇਉਂ ਜਾਪਿਆਂ, ਜਿਵੇਂ ਛਿਪਦੇ ਸੂਰਜ ਦੀ ਸੁਰਖੀ ਕੱਚੀ ਮੋਟੀ ਕੰਧ ਅਤੇ ਭਰਿੰਡਾਂ ਦੇ ਛੱਤੇ ਨੂੰ ਅਲਵਿਦਾ ਕਹਿ ਰਹੀ ਹੋਵੇ। ੦

## ਮੈਂ 'ਨਾਲਾਇਕ' ਹੋਣਾ ਹੀ ਸੀ

ਨਿਰਮਲ ਕੌਰ

ਮੈਂ ਵੀ ਸਤਿਕਾਰੀ ਜਾਂਦੀ ਸਾਂ ਕਦੀ।
ਮੇਰੇ ਬੋਲ ਵੀ ਪੱਥਰ ਤੇ ਲਕੀਰ ਹੁੰਦੇ ਸਨ।
ਪਿਓ ਮੇਰੇ ਨੇ ਚੰਗਾ ਖਾਣ ਨੂੰ ਦਿਤਾ,
ਚੰਗਾ ਹੰਢਾਉਣ ਨੂੰ ਦਿਤਾ।
ਜਿਵੇਂ ਸੋਨੇ ਦੇ ਪਿੰਜਰੇ 'ਚ ਕੈਦ,
'ਗੰਗੂ' ਨੂੰ ਚੂਰੀ ਖਾਈਦੀ ਦੀ ਏ।
ਜਾਂ ਜਿਵੇਂ ਚੀਨੇ ਕਬੂਤਰਾਂ ਲਈ,
ਸ਼ਿਕਾਰੀ ਚੀਣਾ ਖਲੇਰਦਾ ਏ।
ਸਾਥਣੋ ! ਉਨ੍ਹਾਂ ਭਲਿਆਂ ਵੇਲਿਆਂ ਦੀ ਦਾਸਤਾਨ ਹੈ ਇਹ,
ਜਦੋਂ ਉਨ੍ਹਾਂ ਦਾ ਆਦੇਸ਼ ਮੇਰੇ ਲਈ ਇਉਂ ਹੁੰਦਾ,
ਜਿਵੇਂ ਅਕਾਲ ਤਖਤ ਤੋਂ ਹੁਕਮੋ ਨਾਮਾ,
ਜਾਰੀ ਹੋਇਆ ਹੋਵੇ, ਸਮੇਤ ਮੋਹਰ ਦੇ।
ਜਿਸ ਤੇ ਭੋਰਾ ਵੀ ਕਿੰਤੂ ਕਰਨਾ,
ਅਕਾਲਤਖਤ ਦੇ ਮੁਖੀ ਦੀ ਬੇ-ਅਦਬੀ ਸੀ।
ਉਦੋਂ ਕਲਪਨਾਵਾਂ ਦੀ ਉਗਲ੍ਹੀ ਸਾਹਮਣੇ,
ਚਕਾਚੂੰਧ ਸੀ ਅੱਖਾਂ ਦੀ ਰੌਸ਼ਨੀ।
ਉਦੋਂ ਨਹੀਂ ਸਾਂ ਜਾਣਦੀ,
ਵਿਅਕਤੀ ਸਮੂਹ ਲਈ ਹੁੰਦਾ ਏ,
ਸਮੂਹ ਵਿੱਅਕਤੀ ਲਈ ਹੁੰਦਾ ਏ।
ਜਦੋਂ ਕਲਪਣਾ ਹਕੀਕਤ ਨਾਲ ਟਕਰਾਈ,
ਮੈਂ ਅੱਖਾਂ ਉਘੇੜ ਕੇ ਤਕਿਆ,
ਉਸ ਜਗੀਰੂ ਸਮਾਜਕ ਢਾਂਚੇ ਨੂੰ,
ਜਿੱਥੇ ਔਰਤ 'ਲਾਹਣਤ' ਏ।
ਧੀ ਦਾ ਜੰਮਣਾ ਪੱਥਰਾਂ ਦੀ ਮਾਰ ਏ।
ਚੜ੍ਹਦੀ ਜੁਵਾਨੀ ਦਾਜ ਦੀ,
ਅਗਨੀ ਦੀ ਭੇਟਾ ਹੋ ਜਾਂਦੀ ਏ।
ਮਾਸੂਮੀਅਤ ਮਾਨਣ ਦੀ ਪਸ਼ੂ-ਬਿਰਤੀ ਦਾ,
ਸ਼ਿਕਾਰ ਹੋ ਜਾਂਦੀ ਏ।
ਚੰਦ ਦਮੜਿਆਂ ਬਦਲੇ, ਹਰੀਜਨ ਕੁੜੀ,
ਜਗੀਰਾਂ ਦੀ ਹਵਸ ਦੀ ਬਲੀ ਚੜ੍ਹ ਜਾਂਦੀ ਏ।
ਔਰਤ ਨੂੰ 'ਪੈਰ ਦੀ ਜੁੱਤੀ' ਤੇ 'ਗੁੱਤ ਪਿਛੇ ਮੱਤ'
ਵਰਗੇ ਵਿਸ਼ੇਸ਼ਣਾਂ ਨਾਲ ਸ਼ਿੰਗਾਰਿਆ ਜਾਂਦਾ ਏ।
ਮਹਿੰਦੀ ਲਾ ਕੇ, ਵੰਗਾਂ ਪਾ ਕੇ,
ਇਕ ਕੈਦ 'ਚੋਂ ਦੂਜੀ ਕੈਦ 'ਚ ਪਾਇਆ ਜਾਂਦਾ ਏ।
ਹਾਂ ਜੀ...ਹਾਂ ਜੀ...ਹਾਂ ਜੀ।
'ਹਾਂ ਜੀ' ਤੋਂ ਬਿਨਾਂ ਜਿਵੇਂ
ਉਹ ਹੋਰ ਕੁਝ ਜਾਣਦੀ ਹੀ ਨਾ ਹੋਵੇ।
ਸਾਥਣੋ ! ਅੱਗ ਤਾਂ ਪੱਥਰਾਂ 'ਚ ਵੀ ਹੁੰਦੀ ਏ।
ਮੈਂ ਤਾਂ ਸੀਨੇ 'ਚ ਦਿਲ ਰੱਖਦੀ ਹਾਂ।
ਦਿਲ, ਜਿਹੜਾ ਕਰੋੜਾਂ ਕੰਮੀਆਂ ਦੇ,
ਪਿਆਰ ਨਾਲ ਲਬਰੇਜ਼ ਏ।
ਦਿਲ, ਜਿਹੜਾ ਲੁੱਟੀਂਦਿਆਂ ਦੀ ਮੁਕਤੀ
ਦੀ ਤਾਂਘ ਰੱਖਦਾ ਏ।
ਦਿਲ, ਜਿਹੜਾ ਬਿਹਬਲ ਏ,
ਨਾਰੀ ਦੀਆਂ ਜ਼ੰਜੀਰਾਂ ਤੋੜਨ ਲਈ।
ਦਿਲ, ਜਿਹੜਾ ਲਲਕਾਰ ਏ,
ਹਰ ਜ਼ੁਲਮ ਦਾ ਮੂੰਹ ਮੋੜਨ ਲਈ।
ਪਰ ਵੀਣੀ ਨੂੰ ਚੂੜੇ ਦੀ ਕੈਦ 'ਚ
ਵਲੱਗਣ ਵਾਲੇ ਨਹੀਂ ਜਾਣਦੇ,
ਕਿ ਕੋਮਲ ਹੱਥ ਫੌਲਾਦੀ ਤਾਕਤ ਰਖਦੇ ਨੇ।
ਇਹ ਲਾਲ ਮਹਿੰਦੀ ਨਹੀਂ, ਹਥਿਆਰ ਫੜਣਗੇ।
ਤਾਂ ਜੋ ਕਿਸੇ ਭੈਣ ਦੀ ਅਸਮੱਤ ਤੇ ਡਾਕਾ ਨਾ ਵੱਜ ਸਕੇ।
ਕਿਸੇ ਦੇ ਖੁੱਲ੍ਹੇ ਹੋਠਾਂ ਨੂੰ ਤਾਲਾ ਨਾ ਲੱਗ ਸਕੇ।
ਕੋਈ ਜਵਾਨੀ ਦਾਜ ਦੀ ਭੇਟਾ ਨਾ ਚੜ੍ਹ ਜਾਏ,
ਕੋਈ ਮਾਸੂਮ ਮਨਚਲਿਆਂ ਦੇ ਧੱਕੇ ਨਾ ਚੜ੍ਹ ਜਾਏ।
ਔਰਤ ਸਿਰਜਣਹਾਰ ਹੈ ਆਪ ਆਪਣੀ ਤਕਦੀਰ ਦੀ,
ਕੈਦ ਨਹੀਂ ਕੱਟੇਗੀ ਉਹ ਮਰਦ ਦੀ ਜ਼ੰਜੀਰ ਦੀ।
ਸਾਥਣੋ ! ਬੱਸ ਇਸੇ ਲਈ 'ਉਹ',
'ਨਾਲਾਇਕ' ਗਰਦਾਨਦੇ ਨੇ ਮੈਨੂੰ।
ਮੈਂ 'ਨਾਲਾਇਕ' ਹੋਣਾ ਹੀ ਸੀ।
ਤਾਂ ਜੋ ਡੁਲ੍ਹੇ ਖ਼ੂਨ ਨਾਲ ਵਫ਼ਾ ਨਿਭਾਈ ਜਾ ਸਕੇ।
ਤਾਂ ਜੋ ਗੁਲਾਮ ਨਾਰੀ ਨੂੰ ਮੁਕਤੀ ਦਿਵਾਈ ਜਾ ਸਕੇ
o

ਹਿੰਦੀ ਕ੍ਵਿਤਾ

## ਭੈੜੀ ਕਲੋਨੀ

ਕੁਮਾਰੇਦੂ ਪਾਰਸਨਾਫ ਸਿੰਹ

ਬਾਬੂ, ਇਹ ਠੀਕ ਹੈ
ਕਿ ਤੁਸੀਂ ਮੇਰੀ ਬਹੁਤ ਚਿੰਤਾ ਕਰਦੇ ਹੋ
ਪਰ ਵੇਖਦੇ ਤਾਂ ਹੋ
ਕਿ ਤਮਾਮ ਰੌਲੇ-ਗੌਲੇ ਦੇ ਬਾਵਜੂਦ
ਮੈਨੂੰ ਲੋਕ ਅੱਡੀ ਥੱਲੇ ਮਸਲਦੇ ਰਹਿੰਦੇ
ਤੇ ਜਿਨ੍ਹਾਂ ਲੁੱਟਣਾ ਹੈ, ਉਹ ਮੇਰੀ ਇੱਜ਼ਤ ਦਿਨ ਦਿਹਾੜੇ
ਲੁੱਟ ਹੀ ਲੈਂਦੇ ਨੇ।

ਤੇ ਇਹ ਸਭ ਵੇਖ ਕੇ
ਮੈਂ ਜਾਣਦੀ ਹਾਂ ਬਾਬੂ
ਤੁਹਾਨੂੰ ਬਹੁਤ ਦੁੱਖ ਹੁੰਦੈ।
ਪਰ ਇਸ ਸਭ ਨਾਲ ਕੀ ਹੋਏਗਾ –
ਤੁਹਾਡੇ ਦੁੱਖ ਦਾ ਰਿਸ਼ਤਾ ਮੇਰੇ ਸੁਖ ਨਾਲ ਨਹੀਂ ਹੈ।

ਤੁਹਾਡੇ 'ਤੇ ਮੇਰੀ ਇਜ਼ਤ ਲੁਟਣ ਦਾ ਅਧਰੰਗ ਇਕ ਦਿਨ
ਲਾਇਆ ਗਿਆ ਸੀ।
ਜਦ ਕਿ ਬਾਬੂ
ਤੁਸੀਂ ਮੈਨੂੰ ਹਨੇਰੇ ਵਿਚ ਬਲਾਤਕਾਰ ਤੋਂ ਛੁਡਾਉਣ ਲਈ
ਅਗੇ ਵਧੇ ਸੀ,—
ਇਕੱਲੇ ਹੌਸਲਾ ਇਕੱਠਾ ਕਰ ਅਗੇ ਵਧੇ ਸੀ,
ਪਰ ਬਾਅਦ ਵਿਚ ਸੁਣਿਆ —
ਉਸ ਰਾਤ ਤੁਹਾਨੂੰ ਬਹੁਤ ਮਾਰਿਆ ਗਿਆ ਸੀ,
ਤੇ ਜਦੋਂ ਤੁਸੀਂ ਖ਼ੂਨ ਵਿਚ ਲੱਥ ਪੱਥ ਬੇਹੋਸ਼ ਪਏ ਸੀ
ਤੁਹਾਨੂੰ ਰੱਸਾ ਬੰਨ ਕੇ ਥਾਣੇ ਪਹੁੰਚਾ ਦਿਤਾ ਗਿਆ ਸੀ।
ਮੈਨੂੰ ਇਸਦਾ ਦੁਖ ਹੈ —
ਬਹੁਤ ਦੁਖ ਹੈ।
ਪਰ ਬਾਬੂ, ਪੁਛਦੀ ਹਾਂ
ਇਸ ਨਾਲ ਕੀ ਹੋਏਗਾ ?
ਜਦ ਤਕ ਮੇਰੇ ਘਰ ਦੀ ਛੱਤ ਅਤੇ ਦੀਵਾਰਾਂ ਪੁੱਖਤਾ ਨਹੀਂ
ਹੁੰਦੀਆਂ
ਤਦ ਤਕ ਤੁਹਾਡੇ ਜਾਨ ਦੇ ਦੇਣ ਨਾਲ ਵੀ ਕਿਥੇ ਬਚਾਂਗੀ
ਹੁਣ ਤਕ ਮੇਰੇ ਘਰ ਵਾਲੇ
ਦਾਰੂ ਦੀ ਬੋਤਲ ਤੇ ਤਾੜੀ ਦੇ ਨਸ਼ੇ ਵਿਚ
ਕੈਦ ਹੋਣੇ ਲਈ
ਆਪਣੀ ਜ਼ੁਬਾਨ ਤੇ ਹੱਥ ਕਟਾਂਦੇ ਰਹਿਣਗੇ
ਤਦ ਤਕ ਮੇਰੀ ਖ਼ੈਰ ਕਿਥੇ ਏ ?
ਤੇ ਬਾਬੂ, ਜ਼ਰਾ ਇਹ ਤਾਂ ਦਸੋ
ਕਿ ਇਹ ਭੰਗੀ ਤੇ ਅਛੂਤ ਕੀ ਹੁੰਦਾ ਏ ?
ਜਿਸ ਦੀ ਜੇਬ ਵਿਚ ਪੈਸਾ
ਤੇ ਹੱਥ ਵਿਚ ਅਧਿਕਾਰ ਹੁੰਦੈ
ਉਹ ਆਦਮੀ ਫਿਰ ਦੂਸਰਾ ਕਿਸ ਤਰ੍ਹਾਂ ਹੋ ਜਾਂਦੈ ?
ਬਾਬੂ, ਇਹ ਦੂਸਰਾ ਆਦਮੀ
ਚਾਹੇ ਮੇਰੀ ਝੌਂਪੜੀ 'ਚ ਹੋਵੇ, ਚਾਹੇ ਤੁਹਾਡੇ ਘਰ ਵਿਚ
ਉਸਦੀ ਜਾਤ ਇਕੋ ਈ ਹੁੰਦੀ ਏ।
ਨਾ ਛੋਟਾਪਨ ਖ਼ਰਾਬ ਹੈ; ਨਾ ਵੱਡਾਪਨ ਖ਼ਰਾਬ
ਤੁਹਾਡਾ ਇਹ ਦੂਸਰਾ ਆਦਮੀ ਹੈ —
ਬਿਲਕੁਲ ਜੱਲਾਦ ਹੁੰਦਾ ਏ—
ਰਾਕਸ਼ਸ !
ਬਾਬੂ, ਕਰਨਾ ਹੀ ਹੈ ਤਾਂ ਪਹਿਲਾਂ ਇਸ ਦੂਸਰੇ ਆਦਮੀ ਦਾ
ਹਿਸਾਬ ਕਰੋ।
ਤੇ ਫਿਰ ਮੇਰੀ ਛੱਤ ਤੇ ਦੀਵਾਰਾਂ ਨੂੰ ਵੀ
ਆਪਣੇ ਵਾਂਗ ਮਜ਼ਬੂਤ ਕਰੋ —
ਕਿਸੇ ਦੇ ਵੀ ਸਾਹਮਣੇ ਫੈਲਣ ਦੀ
ਮੇਰੇ ਮੂੰਹ ਤੇ ਹੱਥਾਂ ਦੀ ਆਦੱਤ ਨੂੰ ਬਦਲੋ —
ਆਪਣੇ ਢੰਗ ਨਾਲ ਬੋਲਣ
ਤੇ ਆਪਣੇ ਢੰਗ ਨਾਲ ਉਠਣ ਦਾ
ਉਨ੍ਹਾਂ ਨੂੰ ਮੌਕਾ ਦਿਉ।
ਸੱਚ ਕਹਿੰਦੀ ਹਾਂ ਬਾਬੂ,
ਪਹਿਲਾਂ ਮੇਰੇ ਹੱਥਾਂ ਨੂੰ ਆਪਣੇ ਹੱਥਾਂ ਦੀ ਬਰਾਬਰੀ ਵਿਚ
ਉਠਣ ਤਾਂ ਦਿਉ।
ਫਿਰ ਦੇਖਣਾ
ਮੈਂ ਆਪਣੀ ਰਖਿਆ ਆਪਣੇ ਆਪ ਕਰਲਾਂਗੀ।
ਤਦ ਮੈਂ ਤੁਹਾਡੇ ਮੱਥੇ ਦਾ ਭਾਰ ਨਾ ਹੋ ਕੇ
ਤੁਹਾਡੇ ਹੱਥਾਂ ਦੀ ਤਾਕਤ ਹੋ ਜਾਵਾਂਗੀ —
ਤੇ ਕਿਸੇ ਨੂੰ ਪਤਾ ਤਕ ਨਹੀਂ ਹੋਏਗਾ
ਜਦ ਕਿ ਤੁਹਾਡੀ ਧਰਤੀ ਦੀ ਹਰਿਆਲੀ ਬਣ ਕੇ
ਲਹਿਰਾਂਦੀ ਰਹਾਂਗੀ।
ਬਲਕਿ ਬਾਬੂ,
ਇਹ ਕਾਨੂੰਨ-ਵਾਨੂੰਨ ਦਾ ਤੁਹਾਡਾ ਚੱਕਰ ਕੀ ਏ ?
ਕਾਨੂੰਨ ਨਾਲ ਵੀ ਕੋਈ ਆਦਮੀ ਬਣਦਾ ਹੈ ?
ਬੋਲੋ ਨਾ, ਕੌਣ ਵੱਡਾ ਹੈ —
ਕਾਨੂੰਨ ਜਾਂ ਆਦਮੀ ?
ਏ ਬਾਬੂ
ਬਣਾਨਾ ਹੀ ਹੈ, ਤਾਂ ਪਹਿਲਾਂ ਆਦਮੀ ਬਣਾਓ !
ਨਾ ਛੋਟਾ, ਨਾ ਵੱਡਾ
ਨਾ ਛੂਤ, ਨਾ ਅਛੂਤ
ਬਸ ਆਦਮੀ !
ਤੇ ਤੁਸੀਂ ਤਾਂ ਸਭ ਸਮਝਦੇ ਹੋ ਬਾਬੂ,
ਤੁਹਾਨੂੰ ਕੀ ਕਹਿਣੈ !
ਉਚ ਤੇ ਨੀਚ ਦਾ
ਕਾਲੇ ਅਤੇ ਗੋਰੇ ਦਾ ਫ਼ਰਕ ਖ਼ੂਨ ਨਹੀਂ ਮੰਨਦਾ
ਜਿਥੋਂ ਵੀ ਕਟੋ, ਖ਼ੂਨ ਲਾਲ ਹੀ ਨਿਕਲੇਗਾ।

[ ਅਨੁ: ਅਵਤਾਰ ਜੌੜਾ

o

## ਟੁਟਦੇ ਤਾਰਿਆਂ ਦੀ ਛਾਂਵੇਂ

### ਰਵਿੰਦਰ ਸਿੰਘ ਸਹਿਰਾਅ

ਤਾਰਿਆਂ ਜੜੀ ਰਾਤੇ
ਟੁਟੀ ਜਿਹੀ ਮੰਜੀ ਤੇ ਪਈ ਮਾਂ
ਕਿਸੇ ਟੁਟ ਰਹੇ ਤਾਰੇ ਨੂੰ ਤਕ ਕੇ
ਅਕਸਰ ਤ੍ਰਬਕ ਜਾਂਦੀ ਹੈ
ਤੇ ਉਠ ਕੇ ਥੁਕਦੀ ਹੋਈ ਕਹਿੰਦੀ ਹੈ;
ਬਹੁਤ ਬਦਸ਼ਗਨ ਹੈ ਰਾਤ
ਦੇਖ ਕੁੱਤੇ ਵੀ ਕੂਕ ਰਹੇ ਹਨ
ਇਹ ਜਦੋਂ ਵੀ ਰੋਵਣ
ਹਮੇਸ਼ਾਂ ਮੌਤ ਮੰਗਦੇ ਨੇ।

—

ਨਾ ਜਾਣੇ ਕਿੰਨਾ ਕੁਝ ਹੋਰ ਰਲ ਕੇ
ਸਹਿਮ ਦੀ ਇਕ ਲੜੀ ਬਣ ਗਈ ਹੈ
ਜਿਸ ਦੀਆਂ ਗੰਢਾਂ ਦਿਨੇ ਕੁਝ ਹੋਰ
ਤੇ ਰਾਤੀਂ ਹੋਰ ਵਧ ਜਾਵਣ ।

—

ਬਿਮਾਰ ਪਤਨੀ ਲਈ
ਸਰਕਾਰੀ ਹਸਪਤਾਲੋਂ ਲਿਖਵਾਈ
ਦਸ ਪੈਸਿਆਂ ਦੀ ਪਰਚੀ
ਕਿੰਨੇ ਦਿਨਾਂ ਤੋਂ ਜੇਬ ਵਿਚ
ਸੂਲਾਂ ਵਾਂਗ ਚੁਭ ਰਹੀ ਹੈ
ਅਤੇ ਪੁਛਣ ਤੇ ਹਰ ਵੇਰ ਕਹਿ ਦਿੰਦਾ ਹਾਂ
ਅਜੇ ਇਹ ਦੁਆਈ
ਬਜ਼ਾਰ ਵਿਚ ਨਹੀਂ ਆਈ
ਉਫ...ਕਿੰਨਾ ਡਰਾਉਣਾ ਸਫਰ ਹੈ
ਪਰਚੀ ਤੋਂ ਕੈਮਿਸਟ ਦੀ ਦੁਕਾਨ ਤਕ ਦਾ ।
ਨਿੱਕੀ ਭੈਣ ਅਸਮਾਨੀ ਰੰਗੇ ਸੂਟ ਦੀ
ਮੰਗ ਕਰਦੀ ਹੋਈ
ਹਰ ਰੋਜ਼ ਸਕੂਲੋਂ ਪਰਤ ਆਉਂਦੀ ਹੈ
ਹੰਝੂਆਂ ਨਾਲ ਗਿਲੀਆਂ ਗੱਲ੍ਹਾਂ ਲੈ ਕੇ ।
ਕਦੀ ਕਦੀ ਤਾਂ ਦਿਲ ਕਰਦਾ ਹੈ
ਕਿ ਅਕਾਸ਼ ਦਾ ਰੰਗ ਵੀ ਤਾਂ
ਉਸਨੂੰ ਲੋੜੀਂਦੀ ਵਰਦੀ ਦੇ ਰੰਗ ਵਰਗਾ
ਕਿਉਂ ਨਾ ਇਹਨੂੰ ਲੰਗਾਰ ਦੇ ਕੇ
ਭੈਣ ਲਈ ਸੂਟ ਬਣਾ ਦੇਵਾਂ ?

—

ਹੁਣ ਮਾਂ ਨੂੰ ਕਹਾਂਗਾ
ਕਿ ਕੁਤਿਆਂ ਦਾ ਰੋਣਾ
ਤੇ ਤਾਰਿਆਂ ਦਾ ਟੁਟਣਾ
ਬਦਸ਼ਗਨੀ ਨਹੀਂ ਮਾਏਂ
ਇਹ ਤਾਂ ਹਰ ਕੋਠੇ ਤੋਂ ਟੁਟਦੇ ਨੇਂ
ਇਹਨੂੰ ਇਕੱਲੀ ਤੂੰ ਹੀ ਨਹੀਂ
ਪਿੰਡ ਦੇ ਸਭ ਲੋਕ ਤਕਦੇ ਨੇ ।
ਬਦਸ਼ਗਨ ਜੇ ਹੈ ਤਾਂ ਸਿਰਫ
ਜ਼ਿੰਦਗੀ ਦੀ ਬੇਸੁਰੀ ਤਰਜ਼ ਹੈ
ਤਾਂ ਆਉ ਹੁਣ ਆਪਾਂ
ਟੁਟਦੇ ਤਾਰਿਆਂ ਦੀ ਛਾਵੇਂ ਬਹਿ ਕੇ
ਇਸ ਬੇਸੁਰੀ ਤਰਜ਼ ਨੂੰ
ਸੁਰ ਕਰਨ ਦਾ ਹੀਲਾ ਕਰੀਏ ।

o

## ਭਲੇ ਦੀ ਗੱਲ

### ਸੁਰਜੀਤ ਬਰਾੜ

ਉਹ ਅਕਲ ਲਤੀਫ਼ ਹਨ : ਸੁੱਚੀ ਰਦੀਫ਼ ਹਨ
ਉਹ ਪੜ੍ਹ ਪੰਚ ਨੂੰ ਹਿਕਾਰਤਾ ਨਾਲ ਨਿੰਦਦੇ ਹਨ
ਉਹ ਮੁਫ਼ਲਿਸਾਂ ਦੇ ਪੁੱਤਰ ਹਨ
ਉਹਨਾਂ ਦੇ ਚੌੜੇ ਚੱਘੇ ਮੱਥੇ ਉਤੇ ਲਿਖਿਆ ਹੈ
ਇਕ ਮੰਜ਼ਲ ਦੀ ਪ੍ਰਾਪਤੀ...
ਉਹਨਾਂ ਦੇ ਹੱਥਾਂ ਵਿਚ ਜੁਗ ਗਰਦੀ ਦਾ ਪਲੰਦਾ ਹੈ
ਉਹ ਬੋਦਾਰ ਮਗਜ਼ ਨਹੀਂ ! ਤਪਾਕ ਦਾ ਸਾਗਰ ਹਨ
ਉਹਨਾਂ ਦੇ ਮਨ ਅੰਦਰ ਤਾਰਿਆਂ ਦਾ ਸੰਕਲਪ ਹੈ
ਉਹ ਮਜ਼ਬੀ ਤੇ ਜਨੂੰਨੀਆਂ ਦੇ ਸਿਰ ਵਿਚ ਵਦਾਨੀ ਸੱਟ ਹਨ
ਉਹ ਅਨੇਕਤਾ ਅਪੇਖਸ਼ ਲਾਮਬੰਦੀ ਹਨ : ਏਕਤਾ ਹਨ
ਉਹਾ ਸ਼ਾਲੀਵਾਲਤਾ ਦੀ ਮਿਠਾਸ ਲਿਬਰੇਜ਼ ਗੀਤ ਹਨ
ਉਹ ਰੁਪਹਿਰੀ ਨਿਤ : ਨਛੱਤਰੀ ਅਫਸਾਨਾ ਹਨ
ਉਹ ਬੇਪਤ ਹੋ ਰਹੀਆਂ ਪੈਜਾ ਤੇ ਸੁੱਚਾ ਪਹਿਰਾ ਹਨ
ਉਹ ਅਮੋਲਕ ਤਰਕ ਤੇ ਚੰਗਾ ਪ੍ਰਤੀਫ਼ਲ ਹਨ
ਉਹ ਬਿਖਮ ਰਾਹਾਂ ਦੀ ਸਾਰ ਹਨ
ਉਹ ਨਦਾਰਾਂ ਦੇ ਛਤਰਪਤੀ ਤੇ ਲਾਲ ਰੰਗ ਦੇ ਰਾਖੇ
ਆਉ ਉਹਨਾਂ ਦੀਆਂ ਸੁਫ਼ਾਂ ਵਿਚ ਰਲੀਏ ਆਪਾਂ ਵੀ
ਇਸ ਪਿੰਡ ਦੇ ਲੋਕਾਂ ਨੇ ਕਿਹਾ ਹੈ
ਉਹ ਏਸੇ ਰਾਹ ਗਏ ਹਨ : ਸਿਧੇ-ਸਤੌਰ
ਉਹ ਬਲਕਾਰੀ : ਭਗਉਤੀ ਦੇ ਪੁਜਾਰੀ
ਸਾਨੂੰ ਨਿਜਾਤ ਦੁਆਉਣਗੇ...
ਉਹ ਮਨੋਹਰ ਅਰਥਾਂ ਵਾਲੇ — ਰਾਹ-ਦਰਸਾਊ ਕਿਤਾਬਚੇ
ਜੋ ਨਵਾਂ ਜੁਗ ਲਿਆਉਣਗੇ...
ਆਉ ਕਾਫ਼ਲਿਆਂ ਵਿਚ ਜਾ ਰਲੀਏ ਆਪਾਂ ਵੀ
ਉਹ ਕਾਫ਼ਲੇ ਹਨ ਲਾਸਾਵਲੇ
ਮੰਜ਼ਲਾਂ ਤੇ ਪਹੁੰਚਣ ਲਈ ਉਤਾਵਲੇ...
ਉਹ ਪ੍ਰਣ ਹਨ : ਉਹ ਵਿਸ਼ਵਾਸ਼ ਹਨ
ਉਹ ਢਾਰਿਆਂ ਦੇ ਰਾਜ ਦੀ ਆਸ ਹਨ
ਉਹ ਸ਼ਹਾਨਾ ਜ਼ਿੰਦਗੀ ਦੀ ਤੈਲਾਸ਼ ਹਨ
ਉਹ ਪਾਬਲੋ ਨਾਰੂਦਾ : ਹੋਚੀ ਮਿੰਨ੍ਹ ਦੀਆਂ ਪ੍ਰਿਤਾਂ ਹਨ
ਉਹ ਅਨੂਠੇ ਵਿਰਸੇ ਦੀਆਂ ਕ੍ਰਿਤਾ ਹਨ —
ਉਹ ਸਾਨੂੰ ਗੁਲਾਮੀ ਦੇ ਪੱਕੇ ਮਹਿਲ ਦੀ
ਕੈਦ ਵਿਚੋਂ ਛੁਡਾਉਣ ਦਾ ਅਕੀਦਾ ਹਨ —
ਕਹਿੰਦੇ : ਜਦੋਂ ਉਹ ਇਹ ਰਾਜ
ਲੋਕਾਂ ਦੇ ਹੱਥ ਆ ਗਿਆ : ਸਰਮਾਏ ਤੋਂ ਖੋਹ ਲਿਆ
ਤਾਂ ਇਥੇ ਕੰਡਿਆ ਦੀ ਥਾਂ ਸਰੂ ਉਗੇਗਾ ।
ਤੇ ਮਲ੍ਹੇ ਦੀ ਥਾਂ ਮਹਿੰਦੀ ਦਾ ਰੁਖ —
ਤਾਂ ਇਥੇ 'ਸੜਿਹਾਂਦ' ਦੀ ਥਾਂ ਅਤਰ ਦੀ ਖੁਸ਼ਬੂ ਫੈਲੇਗੀ

ਤੇ ਸੱਥਾਂ ਵਿਚ ਧੂੰਏ ਉਦਾਲੇ ਉਵੇਂ ਹੀ ਹਾਸਾ ਮੱਚਿਆ ਕਰੇਗਾ
ਤਾਂ ਇਥੇ ਰੌੜਾਂ ਫਿਰ ਤੋਂ
ਖਿਦੋ-ਖੂੰਡੀ ਲਈ ਆਬਾਦ ਹੋ ਜਾਣਗੀਆਂ
ਤੇ ਫਿਰ ਆ ਜਾਵੇਗੀ ਸੌਣ ਭਾਦੋਂ ਵਿਚ
ਕੁੜੀਆਂ ਲਈ ਮਾਮੇ ਦੀ ਦਿਤੀ ਖੱਟੀ ਚੁੰਨੀ ਲੈਣ ਦੀ ਰੁੱਤ –
ਬੋਹੜ ਹੇਠਾਂ ਉਵੇਂ ਹੀ ਤੀਆਂ ਲਗਿਆ ਕਰਨਗੀਆਂ
ਫਸਲਾਂ ਫਿਰ ਤੋਂ ਝੂਮ ਝੂਮ ਕਵਾਲੀਆਂ ਗਾਇਆ ਕਰਨਗੀਆਂ
ਭੰਗੜੇ ਪਾਇਆ ਕਰਨਗੀਆਂ...
ਪਿੰਡ ਕੋਹ ਕਾਫ਼ ਬਣ ਜਾਏਗਾ
ਜਿਥੇ ਲਾਲ ਪਰੀਆਂ ਲਾਲ ਫੁੱਲਾਂ ਵਿਚ ਰਹਿ ਕੇ
ਜੀਵਨ ਅਨੰਦ ਮਾਣਨਗੀਆਂ – ਤੇ ਫਿਰ
ਆਉ ਉਹਨਾਂ ਸਿਰਲੱਥਾਂ ਲੋਕਾਂ ਦੇ ਕਾਫ਼ਲੇ ਵਿਚ ਰਲੀਏ
ਜੋ ਮਮੁੱਖਤਾ ਦੇ ਨਾਮ ਲਈ ਅਨੰਤ ਨਿਸ਼ਾਨ ਬਣਨ ਤੁਰੇ ਹਨ
ਜੋ ਮਨੁੱਖਤਾ ਨੂੰ ਸਦੀਵ ਕਰਨ ਤੁਰੇ ਹਨ
ਆਉ ਆਪਾਂ ਵੀ ਹਮੇਸ਼ਾ ਤਕ ਰਹਿਣ ਦਾ ਕੋਈ ਬਿੰਦੂ ਬਣੀਏ
ਤੇ ਬਣਦਾ ਹਿੱਸਾ ਪਾਈਏ : ਏਸੇ ਵਿਚ ਭਲਾ ਹੈ
ਸਭ ਪਿੰਡਾਂ ਦਾ ਸ਼ਹਿਰਾਂ ਦਾ...ਤੇ ਸਾਡਾ।

o

## *ਸਿਪਾਹੀਆ* ○ ਦਰਸ਼ਨ ਬੁਲੰਦਵੀ

ਹਰੀ ਵਰਦੀ 'ਚ ਪਰੇਡ ਕਰਦਾ
ਤੇਰਾ ਵਜੂਦ ਨਹੀਂ
ਪੇਟ ਦਾ ਅਭਿਆਸ ਹੈ
ਜਿਹਦੀ ਖਾਤਿਰ ਤੂੰ ਵਾਰ ਵਾਰ ਚਿਣਿਆ ਗਿਆ
ਮੋਰਚਿਆਂ ਦੀ ਮਿੱਟੀ ਵਿਚ
ਤੇ ਤੇਰੇ ਹੀ ਅਰੁੱਕ ਸਿਰ ਬਣਦੇ ਰਹੇ
ਸਰਹੱਦਾਂ ਦੇ ਨੀਂਹ ਪੱਥਰ
ਤੇ ਜੰਗਾਂ ਦੀ ਕਾਲਖ ਰਾਤੇ
ਤੇਰੀ ਸੂਹੀ ਜਵਾਨੀ ਲਟ ਲਟ ਬਲੀ
ਤਾਂ ਕਿ ਦੇਸ਼ ਦੀ ਲਾਜ
ਅੰਤਿਮ ਇੱਛਾ ਦੇ ਇਕਰਾਰ ਤਕ ਨਿਭੇ
ਪਰ ਤੇਰੇ ਇਨ੍ਹਾਂ ਪ੍ਰਬਤ ਹੱਥਾਂ ਦੀ ਸ਼ਕਤੀ ਨੂੰ
ਪ੍ਰੇਡੇ ਵਡਿਉਂਦੇ ਤੇ ਪ੍ਰਸੰਸਾ ਨਿਵਾਜਦੇ ਭਾਸ਼ਨ
ਕਦੀ ਨਾ ਵੇਖ ਸਕੇ –
ਤੇਰੇ ਘਰ ਦੀ ਟੁਟ ਰਹੀ ਹੌਲੀ ਹੌਲੀ ਚਾਰ ਦੀਵਾਰੀ
ਤੇ ਛਤ ਤੋਂ ਹੀ ਲੁੱਟੀ ਜਾਂਦੀ
ਚਾਂਦੀ-ਚਾਨਣੀ ਦੀ ਬੂੰਦ ਬੂੰਦ ਵਰ੍ਹੀ
ਸਗੋਂ ਵੇਖਦੇ ਰਹਿੰਦੇ –
ਤੇਰੀਆਂ ਜਿੱਤਾਂ ਦੇ ਕੁਤਬ ਚੜ੍ਹੇ
ਕਿ ਰਾਜ ਗੱਦੀਆਂ ਦਾ ਬੂਹਾ
ਕਦ ਉਨ੍ਹਾਂ ਦੇ ਹਿਟਲਰ ਪੈਰਾਂ ਵਲ ਖੁਲ੍ਹਦਾ
ਤੇ ਫਿਰ ਰਾਜ ਸਤਾ ਦੇ ਅੰਨ੍ਹੇ ਰੱਥ ਚੜ੍ਹੇ
ਤੇਰਾ ਬਹੁਤ ਕੁਝ ਮਿੱਧ ਜਾਂਦੇ ਨੇ
ਆਤਮਾ ਤੋਂ ਲੈ ਕੇ – ਬਣੇ ਕਾਸ਼ਨੀ ਰੰਗ ਦੇ ਲੈਰੇ ਖੇਤ
ਤੇ ਅੰਤ ਤੇਰੀ ਬਹਾਦਰੀ ਨੂੰ –
ਮਾਲਤੂ ਸੁਰਖੀਆਂ ਵਿਚ ਲਾਉਂਦੇ
ਤਗਮਿਆਂ ਨਾਲ ਸ਼ਿੰਗਾਰਦੇ
ਤੋਪਾਂ ਦੀ ਸਲਾਮੀ ਨਾਲ ਪਿਆਰਦੇ
ਤੇਰੇ ਅੰਦਰਲੇ ਜ਼ਖ਼ਮਾਂ ਨਾਲ ਖੇਡ ਜਾਂਦੇ ਨੇ
ਸਿਪਾਹੀਆ...!

o

ਗੀਤ

## *ਸਰਘੀ ਦੀ ਲੋਅ.....*

### ਇੰਦਰ ਸਿੰਘ 'ਮਾਨ'

ਬੜਾ ਚਿਰ ਪੀਤੀਆਂ ਨੇ, ਕਾਲਖਾਂ ਹਨੇਰੇ ਰਹਿ ਕੇ
ਲੱਭਣੇ ਨੇ ਚਾਨਣੀ ਦੇ ਚੋਅ ਹਾਣੀਓ...
ਅਸਾਂ ਬੀਜਣੀ ਹੈ
ਅਸਾਂ ਬੀਜਣੀ ਹੈ ਸਰਘੀ ਦੀ ਲੋਅ ਹਾਣੀਓ...
ਸਿਖਰ ਦੁਪਿਹਰੇ ਅਸੀਂ ਖੇਤਾਂ ਵਿਚ ਮਰਦੇ ਹਾਂ
ਫਿਰ ਵੀ ਹਾਂ ਸੌਂਦੇ ਭੁਖੇ ਭਾਣੇ ਲੋਕੋ ਵੇ...
ਇਹ ਦਿਨ ਕਦੋਂ...
ਇਹ ਦਿਨ ਕਦੋਂ ਸਾਡੇ ਉਤੋਂ ਜਾਣੇ ਲੋਕੋ ਵੇ...
ਉਚੀਆਂ ਅਟਾਰੀਆਂ ਨੇ ਧੁੱਪ ਸਾਡੀ ਰੋਕੀ ਹੋਈ
ਹੋਏ ਹਾਂ ਜੁਆਨ ਅਸੀਂ ਖਾਕੇ ਛਾਵਾਂ ਹੋ...
ਖੋਹ ਲਈ ਰੋਟੀ ਸਾਡੀ...
ਖੋਹ ਲਈ ਰੋਟੀ ਸਾਡੀ ਉੱਡਦੇ ਅਮੀਰ ਕਾਵਾਂ ਹੋ...
ਰੋਸ਼ਨੀ ਦੇ ਮੱਟ ਸਾਡੇ ਸਦੀਆਂ ਤੋਂ ਗੁੰਮ ਹੋਏ
ਜ਼ਿੰਦਗੀ ਦੀ ਬਾਤ ਕਾਲੀ ਰਾਤ ਹੋਈ ਆ...
ਤੇਰੇ ਜ਼ੁਲਮਾਂ ਦੀ...
ਤੇਰੇ ਜ਼ੁਲਮਾਂ ਦੀ ਜ਼ਾਲਮਾਂ ਬਰਸਾਤ ਹੋਈ ਆ
ਨਵੇਂ ਸੂਰਜਾਂ ਦੇ ਸੰਗ ਤੁਰੋ ਪੂਰੀ ਤਾਲ ਦੇ ਕੇ
ਨਵੀਆਂ ਹੀ ਸੋਚਾਂ ਦਾ ਸ਼ਿੰਗਾਰ ਕਰਕੇ...
ਕਿੰਨਾ ਚਿਰ ਜੀਣਾ ਵਿਹਲੜਾਂ ਦੀ ਮਾਰ ਜਰਕੇ...
ਚੇਤਨਾ ਦੇ ਪਿੜ ਵਿਚ ਅੱਗ ਬਾਲ ਏਕਤਾ ਦੀ
ਕਿਰਤੀ ਕਿਸਾਨੋ ਤੁਰੋ ਸੱਚ ਜਾਣ ਕੇ...
ਪਾੜ੍ਹੋ ਨੇਰ੍ਹੇ ਤਾਈਂ...
ਪਾੜ੍ਹੋ ਨੇਰ੍ਹੇ ਤਾਈਂ ਸੂਰਿਓ ਸੰਗੀਨਾ ਤਾਣ ਕੇ...
ਬੜਾ ਚਿਰ ਪੀਤੀਆ ਨੇ ਕਾਲਖਾਂ ਹਨੇਰੇ ਰਹਿ ਕੇ
ਲੱਭਣੇ ਨੇ ਚਾਨਣੀ ਦੇ ਚੋਅ ਹਾਣੀਓ...
ਅਸਾਂ ਬੀਜਣੀ ਹੈ...
ਅਸਾਂ ਬੀਜਣੀ ਹੈ ਸਰਘੀ ਦੀ ਲੋਅ ਹਾਣੀਓ... o

ਇਕ ਰੀਪੋਰਟ :

# ਅਸੀ ਇਨਸਾਫ ਦੀ ਮੰਗ ਕਰਦੇ ਹਾਂ

## ਰਾਜੀਵ ਤੀਵਾੜੀ

[ਕੇਰਲਾ ਵਿਚ ਕਾਲੀਕਟ ਸ਼ਹਿਰ ਵਿਚ ਇਕ ਮੈਡੀਕਲ ਕਾਲਜ ਦੇ ਪ੍ਰੋਫੈਸਰ ਅਤੇ ਪ੍ਰਸਿਧ ਡਾਕਟਰ ਜਾਰਜ ਉਤੇ ਇਕ ਲੋਕ ਅਦਾਲਤ ਵਿਚ ਮੁਕੱਦਮਾ ਚਲਾਇਆ ਗਿਆ। ਤੇ ਉਸ ਵਿਚ ਸੁਣਾਈ ਸਜ਼ਾ ਨੂੰ ਬਾਕਾਇਦਾ ਨੇਪਰੇ ਚੜ੍ਹਾਇਆ ਗਿਆ। ਇਸ ਲੋਕ ਮੁਕੱਦਮੇ ਦਾ ਦੇਸ਼ ਭਰ ਦੀਆਂ ਅਖ਼ਬਾਰਾਂ ਵਿਚ ਬੜਾ ਚਰਚਾ ਹੈ। ਅਸੀਂ ਇਥੇ ਸਮਤਾ ਦੇ ਪਾਠਕਾਂ ਲਈ ਸੰਖੇਪ ਰੂਪ ਵਿਚ ਇਕ ਰੀਪੋਰਟ ਦੇ ਰਹੇ ਹਾਂ, ਜੋ ਬੰਬਈ ਦੀ ਟ੍ਰਾਈਮਜ਼ ਆਫ ਇੰਡੀਆਂ ਅਖ਼ਬਾਰ ਦੇ 13 ਸੰਤਬਰ ਵਾਲੇ ਅੰਕ ਵਿਚ ਛਪੀ ਹੈ। ਇਹ ਰੀਪੋਰਟ ਰਾਜੀਵ ਤੀਵਾੜੀ ਵਲੋਂ ਹੈ, ਜੋ ਵਿਸ਼ੇਸ਼ ਤੌਰ ਤੇ ਬੰਬਈ ਤੋਂ ਕਾਲੀਕਟ ਗਿਆ ਅਤੇ ਉਸ ਨੇ ਇਹ ਰੀਪੋਰਟ ਕਾਲੀਕਟ ਦੇ ਆਮ ਸ਼ਹਿਰੀਆਂ ਨਾਲ ਮੁਲਾਕਾਤਾਂ ਤੋਂ ਬਾਅਦ ਤਿਆਰ ਕੀਤੀ ਹੈ : — ਸੰਪਾਦਕ]

ਕਿਸੇ ਕਿਸਮ ਦੀ ਧਮਕੀ ਦਾ ਉਸ ਉਤੇ ਕੋਈ ਅਸਰ ਨਹੀਂ ਸੀ। ਇਹੋ ਜ਼ਿਹੇ ਕਈ ਰੌਲੇ ਗੌਲੇ ਉਹਨੇ ਖਾਧੇ ਪੀਤੇ ਸਨ। ਇਹ ਸਾਰਾ ਰੌਲਾ ਅਤਿਵਾਦੀ ਨਕਸਲੀਆਂ ਦਾ ਹੀ ਸੀ। ਉਹਦਾ ਕੋਈ ਕੀ ਕਰ ਲਵੇਗਾ? ਜੇ ਗਲ ਬਹੁਤੀ ਵਧ ਗਈ ਤਾਂ ਉਹ ਕਾਨੂੰਨ ਦੀ ਮਦਦ ਲੈ ਲਵੇਗਾ। ਇਹ ਪੁਲਸ ਆਖ਼ਰ ਹੈ ਕਿਸ ਲਈ? ਇਹ ਡਾਕਟਰ ਜਾਰਜ ਦਾ ਪੱਕਾ ਵਿਸ਼ਵਾਸ਼ ਸੀ ਕਿ ਉਹਦਾ ਕੋਈ ਕੁਝ ਨਹੀਂ ਵਿਗਾੜ ਸਕਦਾ। ਡਾਕਟਰ ਜਾਰਜ ਕੇਰਲਾ ਵਿਚ ਕਾਲੀਕਟ ਦੇ ਇਕ ਸਰਕਾਰੀ ਹਸਪਤਾਲ ਦਾ ਹੱਡੀਆਂ ਜੋੜਣ ਦਾ ਮਾਹਿਰ ਡਾਕਟਰ ਹੈ ਅਤੇ ਕਾਲੀਕਟ ਮੈਡੀਕਲ ਕਾਰਜ ਦਾ ਪ੍ਰੋਫੈਸਰ ਵੀ ਹੈ। ਇਹ ਰੌਲੇ ਗੌਲੇ ਤਾਂ ਪੈਂਦੇ ਹੀ ਰਹਿੰਦੇ ਹਨ। ਲੋਕ ਨਾਅਰੇ ਮਾਰਦੇ ਹਨ ਤੇ ਫੇਰ ਥੱਕ ਕੇ ਬਹਿ ਜਾਂਦੇ ਹਨ। ਅਗੇ ਵੀ ਕਈ ਵਾਰ ਇਸ ਤਰ੍ਹਾਂ ਹੋਇਆ ਹੈ। ਹੁਣ ਕੋਈ ਵੱਖਰੀ ਗਲ ਥੋੜੀ ਹੋਣ ਲਗੀ ਹੈ? ਆਖਦੇ ਨੇ ਮੈਂ ਭ੍ਰਿਸ਼ਟਾਚਾਰੀ ਹਾਂ। ਹੋਵਾਂਗਾ। ਪਰ ਕੋਈ ਪੁਛੇ ਕਿ ਭ੍ਰਿਸ਼ਟਾਚਾਰ ਅਜ ਕਿਹੜੀ ਥਾਂ ਨਹੀਂ? ਫੇਰ ਡਾਕਟਰਾਂ ਉਤੇ ਹੀ ਉਂਗਲ ਕਿਉਂ ਰਖੀ ਜਾਂਦੀ ਹੈ? ਚਲ ਵੇਖੀ ਜਾਏਗੀ, ਪਾ ਲੈਣ ਰੌਲਾ, ਮੇਰੀ ਸਿਹਤ ਤੇ ਕੀ ਫਰਕ ਪੈਂਦਾ ਹੈ?

ਪਰ ਇਸ ਵਾਰ ਡਾਕਟਰ ਜਾਰਜ ਦਾ ਇਹ ਖਿਆਲ ਗਲਤ ਸੀ। ਉਸ ਨੂੰ ਨਹੀਂ ਪਤਾ ਸੀ ਕਿ ਐਤਕੀ ਉਹਦਾ ਕਿਹੜੇ ਬੰਦਿਆ ਨਾਲ ਵਾਹ ਪੈ ਗਿਆ ਹੈ। ਸੱਚੀਂ ਗਲ ਏ, ਇਤਹਾਸ ਸਾਨੂੰ ਬਹੁਤ ਸੱਬਕ ਸਿਖਾਂਦਾ ਹੈ। ਇਤਹਾਸ ਦੇ ਇਕ ਵਰਕੇ ਨੂੰ ਹੀ ਅਸੀਂ ਇਥੇ ਲਿਖਣ ਜਾ ਰਹੇ ਹਾਂ। ਇਤਹਾਸ ਦਾ ਇਹ ਵਰਕਾ ਲੋਕ ਅਦਾਲਤ ਵਿਚ ਸੁਣੇ ਗਏ ਉਸ ਪ੍ਰਸਿਧ ਲੋਕ ਮੁਕੱਦਮੇ ਦਾ ਹੈ, ਜਿਸ ਵਿਚ ਹਸਪਤਾਲ ਦੇ ਬਾਹਰ ਇਕ ਚੌਂਕ ਦਾ ਥੜਾ ਲੋਕ ਅਦਾਲਤ ਵਿਚ ਬਦਲਿਆ ਗਿਆ। ਮੁਕੱਦਮੇ ਦੇ ਦੋਸ਼ੀ ਸਨ, ਡਾਕਟਰ ਜਾਰਜ ਅਤੇ ਉਹਦੇ ਸਾਥੀ ਡਾਕਟਰ, ਮੁਕੱਦਮਾ ਸੁਣਨ ਵਾਲੇ ਸਨ ਲੋਕਾਂ ਦੇ ਚੁਣੇ ਹੋਏ ਨੁਮਾਇੰਦੇ ਅਤੇ ਫਰਿਯਾਦੀ ਸਨ ਉਹ ਸਾਧਾਰਨ ਲੋਕ, ਜਿਹੜੇ ਇਹਨਾਂ ਡਾਕਟਰਾਂ ਦੇ ਹਥੋਂ ਸਤਾਏ ਹੋਏ ਸਨ।

ਕੁਝ ਚਿਰ ਤੋਂ 'ਜੱਨਕੀਆ ਸਮਸਕ੍ਰੀਕ ਵੇਦੀ (ਲੋਕ ਸਭਿਆਚਾਰ ਮੰਚ) ਦੇ ਕਾਲੀਕਟ ਸ਼ਾਖਾ ਵਲੋਂ ਕਾਲੀਕਟ ਦੇ ਹਸਪਤਾਲ ਵਿਚ ਫੈਲੇ ਹੋਏ ਭ੍ਰਿਸ਼ਟਾਚਾਰ ਵਿਰੁਧ ਇਕ ਸੰਘਰਸ਼ ਚਲ ਰਿਹਾ ਸੀ। ਇਹ ਦਸਿਆ ਗਿਆ ਸੀ ਕਿ ਹਸਪਤਾਲ ਦੇ ਡਾਕਟਰ ਬਗ਼ੈਰ ਤਲੀ ਗਰਮ ਕੀਤੇ ਕਿਸੇ ਵੀ ਮਰੀਜ਼ ਦਾ ਇਲਾਜ ਕਰਨ ਲਈ ਉਂਗਲ ਨਹੀਂ ਸਨ ਚੁਕਦੇ, ਭਾਂਵੇਂ ਉਹ ਮਰੀਜ਼ ਮਰਨ ਕਿਨਾਰੇ ਹੀ ਹੋਵੇ। ਲੋਕਾਂ ਨੂੰ ਬਹੁਤੀ ਤਕਲੀਫ ਇਸ ਗਲ ਦੀ ਸੀ ਕਿ ਇਹ ਹਸਪਤਾਲ ਸਰਕਾਰੀ ਸੀ ਅਤੇ ਇਹ ਉਮੀਦ ਕੀਤੀ ਜਾਂਦੀ ਸੀ ਕਿ ਇਥੇ ਇਲਾਜ ਮੁਫਤ ਕੀਤਾ ਜਾਂਦਾ ਹੈ। ਹਸਪਤਾਲ ਵਿਚ ਇਲਾਜ ਕਰਵਾਉਣ ਆਏ ਲੋਕਾਂ ਵਿਚ ਬਹੁਤੇ ਗ਼ਰੀਬ ਤੱਬਕੇ ਨਾਲ ਸਬੰਧ ਰਖਦੇ ਸਨ, ਜਿਨਾਂ ਵਿਚ ਆਦੀਵਾਸੀ ਦਿਹਾੜੀਦਾਰ ਮਜ਼ਦੂਰ ਹੀ ਬਹੁਤੇ ਹੁੰਦੇ ਸਨ। ਇਹ ਗ਼ਰੀਬ ਦਿਹਾੜੀ-ਦਾਰ ਤਾਂ ਦਵਾਈਆਂ ਦਾ ਖਰਚ ਵੀ ਬਰਦਾਸ਼ਤ ਨਹੀਂ ਸਨ ਕਰ ਸਕਦੇ। ਉਹਨਾਂ ਨੇ ਡਾਕਟਰਾਂ ਨੂੰ ਉਤੋਂ ਕੀ ਦੇਣਾ ਹੋਇਆ?

ਕਾਲਜ ਦੇ ਹਸਪਤਾਲ ਵਿਚ ਜੋ ਕੁਝ ਭ੍ਰਿਸ਼ਟਾਚਾਰ ਫੈਲਿਆ ਹੋਇਆ ਸੀ, ਇਹ ਕੋਈ ਅੱਚਰਜ ਗਲ ਨਹੀਂ ਸੀ ਅਤੇ ਨਾ ਹੀ ਵੇਦੀ ਵਾਲਿਆਂ ਨੇ ਜਿਹੜੀ ਕੋਈ ਕਾਰਵਾਈ ਕੀਤੀ, ਉਸ ਵਿਚ ਕੁਝ ਅੱਚਰਜਤਾ ਸੀ। ਭ੍ਰਿਸ਼ਟਾਚਾਰ ਤਾਂ ਸਮਾਜ ਦੇ ਹਰ ਅੰਗ ਵਿਚ ਫੈਲਿਆ ਹੋਇਆ ਹੈ ਅਤੇ ਇਸ ਭ੍ਰਿਸ਼ਟਾਚਾਰ ਦੇ ਦੋਸ਼ ਵਲੋਂ ਕੋਈ ਵੀ ਸਿਆਸੀ ਪਾਰਟੀ ਬਰੀ ਨਹੀਂ ਕਹੀ ਜਾ ਸਕਦੀ। ਪਰ ਵੇਦੀ ਵਾਦਿਆਂ ਨੇ ਜੋ ਕੁਝ ਕੀਤਾ, ਉਹ ਨਵਾਂ ਜ਼ਰੂਰ ਸੀ।

ਵੇਦੀ ਦੀ ਸੰਸਥਾ ਕੇਰਲਾ ਦੇ ਸਿਆਸੀ ਮੰਚ ਤੇ ਇਕ ਨਵੀਂ ਸੰਸਥਾ ਹੈ ਭਾਵੇਂ ਬਹੁਤਿਆਂ ਦਾ ਖਿਆਲ ਹੈ ਕਿ ਇਹ ਸੀ. ਪੀ. ਆਈ. (ਐਮ. ਐਲ.) ਦੀ ਰੀਓਰਗਨਾਈਜ਼ੇਸ਼ਨ ਕਮੇਟੀ ਦੀ ਹੀ ਇਕ ਸ਼ਾਖਾ ਹੈ, ਪਰ ਇਸ ਸੰਸਥਾ ਦੀਆਂ ਸਰਗਰਮੀਆਂ ਇਹੋ ਜਹੀਆਂ ਹਨ, ਜਿਹੜੀਆਂ ਐਮ-ਐਲ ਪਾਰਟੀ ਦੇ ਸਿਆਸੀ ਘੇਰੇ ਵਿਚ ਨਹੀਂ ਆਉਂਦੀਆਂ। ਉਹਨਾਂ ਸਰਗਰਮੀਆਂ ਵਿਚ ਸਭਿਆਚਾਰਕ ਕਿਸਮ ਦੇ ਕੰਮ ਆਂਦੇ ਹਨ। ਡਰਾਮਾ, ਕਲਾ, ਸਾਹਿਤ ਬਾਰੇ ਸਰਗਰਮੀਆ ਅਤੇ ਰੋਜ਼ ਦੀ ਜ਼ਿੰਦਗੀ ਵਿਚ ਭ੍ਰਿਸ਼ਟਾਚਾਰ ਵਿਰੁਧ ਸੰਘਰਸ਼ ਬਿਥੇ ਇਸ ਸੰਸਥਾ ਦੇ ਕੰਮ ਹਨ, ਉਥੇ ਜੂਆ, ਸ਼ਰਾਬ ਨੋਸ਼ੀ ਵਰ-ਗੀਆਂ ਸਮਾਜ ਦੁਸ਼ਮਣ ਆਦਤਾ ਵਿਰੁਧ ਸੰਘਰਸ਼ ਵੀ ਇਸ ਸੰਸਥਾ ਦੇ ਪ੍ਰੋਗਰਾਮ ਵਿਚ ਸ਼ਾਮਿਲ ਹਨ। ਵੇਦੀ ਵਾਲੇ ਭਾਵੇਂ ਜਾਣਦੇ ਹਨ ਕਿ ਇਹ ਸਾਰੇ ਮਸਲੇ ਅਖੀਰ ਵਿਚ ਉਸ ਪੁਲੀਟੀਕਲ ਸਿਸਟਮ ਨਾਲ ਜੁੜਦੇ ਹਨ, ਜਿਸ ਵਿਚ ਅਸੀਂ ਰਹਿ ਰਹੇ ਹਾਂ, ਪਰ ਫੇਰ ਵੀ ਇਹ ਮਸਲੇ ਉਹਨਾਂ ਸਿਧੀਆ ਸਿਆਸੀ ਮੰਗਾਂ ਤੋਂ ਵਖਰੇ ਹਨ, ਜਿਨਾਂ ਦਾ ਪਰਗਟਾਵਾ ਜ਼ਮੀਨੀ ਸੁਧਾਰ ਅਤੇ ਖੇਤ ਮਜ਼ਦੂਰਾ ਦੀਆਂ ਉਜਰਤਾਂ ਅਤੇ ਹੋਰ ਟਰੇਡ ਯੂਨੀਅਨ ਮੰਗਾਂ ਦੀ ਸ਼ਕੇਲ ਵਿਚ ਆਉਂਦਾ ਹੈ ਤੇ ਜਿਹੜੀਆਂ ਮੰਗਾਂ ਦਾ ਘੇਰਾ ਸਿਧੇ ਤੌਰ ਤੇ ਸਿਆਸੀ ਪਾਰਟੀ ਦੇ ਪ੍ਰੋਗਰਾਮ ਵਿਚ ਆਉਂਦਾ ਹੈ। ਵੇਦੀ ਦੇ ਪ੍ਰੋਗਰਾਮ ਅਤੇ ਪਾਰਟੀ ਦੇ ਪ੍ਰੋਗਰਾਮ ਵਿਚ ਵਿਖਰੇਵਾਂ ਭਾਵੇਂ ਬੜਾ ਬਰੀਕ ਹੋਵੇ ਪਰ ਫੇਰ ਵੀ ਯਕੀਨ ਨਾਲ ਇਹ ਕਿਹਾ ਜਾ ਸਕਦਾ ਹੈ ਕਿ ਇਕ ਸਿੱਕੇ ਦੇ ਦੋ ਪਾਸੇ ਵਾਲਾ ਜ਼ਰੂਰ ਹੈ। ਸਭਿਆਚਾਰ ਅਤੇ ਸਿਆਸਤ ਦੇ ਦਰਮਿਆਨ ਇਕ ਦਵੰਦਾਤਕ ਰਿਸ਼ਤਾ ਹੈ ਪਰ ਇਹਨਾਂ ਨੂੰ ਵਖ ਵਖ ਮੰਚ ਤੇ ਰਖਣਾ ਇਕ ਲਾਹੇਵੰਦ ਗਲ ਹੈ। ਇਹ ਵੇਦੀ ਵਾਲਿਆਂ ਦਾ ਯਕੀਨ ਹੈ। ਇਥੇ ਇਹ ਕਹਿਣਾ ਵੀ ਗ਼ਲਤ ਨਹੀਂ ਹੋਵੇਗਾ ਕਿ ਵੇਦੀ ਦੇ ਅਸਰ ਦੇ ਘੇਰੇ ਵਿਚ ਸਿਰਫ ਪਾਰਟੀ ਦੇ ਹੀ ਵਚਨਬੰਦ ਵਰਕਰ ਨਹੀਂ, ਸਗੋਂ ਬਹੁਤੇ ਸਾਧਾਰਨ ਲੋਕ ਹੀ ਹਨ, ਜਿਨਾਂ ਵਿਚ ਡਾਕਟਰ, ਵਕੀਲ ਅਧਿਆਪਕ ਅਤੇ ਵਿਦਿਆਰਥੀ ਆਉਂਦੇ ਹਨ, ਜਿਹੜੇ ਇਸ ਸਾਰੇ ਸਿਸਟਮ ਦੇ ਦਮਨ ਬਾਰੇ ਚੇਤਨ ਹਨ ਅਤੇ ਸਭਿਆਚਾਰਕ ਮੰਚ ਤੋਂ ਇਸਦੇ ਵਿਰੁਧ ਸੰਘਰਸ਼ ਕਰਨਾ ਚਾਹੁੰਦੇ ਹਨ। ਉਹ ਇਹ ਮਹਿਸੂਸ ਕਰਦੇ ਹਨ ਕਿ ਜਗੀਰਦਾਰੀ ਕਦਰਾਂ ਕੀਮਤਾਂ 'ਤੇ ਖਲੋਤਾ ਇਹ ਸਾਰਾ ਸਿਸਟਮ ਇਨਕਲਾਬੀ ਤਬੀਲੀਆਂ ਦੀ ਮੰਗ ਕਰਦਾ ਹੈ। ਇਨਕਲਾਬੀ ਪਾਰਟੀ ਨੇ ਇਹ ਕੰਮ ਸਿਰੇ ਚੜ੍ਹਾਉਣਾ ਹੈ ਪਰ ਇਸ ਕੰਮ ਦੀ ਲੋੜ ਨੂੰ ਲੋਕਾਂ ਤਕ ਪੁਚਾਣ ਵਿੱਚ ਵੇਦੀ ਵਰਗੀਆ ਸੰਸਥਾਵਾਂ ਸਹਾਇਕ ਸਾਬਤ ਹੋ ਸਕਦੀਆਂ ਹਨ।

ਵੇਦੀ ਆਪਣੇ ਵਿਦਿਆਰਥੀ ਅੰਗ ਉਤੇ ਵੀ ਟੇਕ ਰਖਦੀ ਹੈ, ਜਿਹੜਾ ਇਨਕਲਾਬੀ ਸਟੂਡੈਂਟ ਯੂਨੀਅਨ ਦੇ ਰੂਪ ਵਿਚ ਜਥੇਬੰਦ ਹੈ। ਵੇਦੀ ਦੀਆਂ ਸਰਗਰਮੀਆ ਇਕ ਮਿੱਥੀ ਹੋਈ ਰੂਪ ਰੇਖਾ ਅਨੁਸਾਰ ਚਲਦੀਆਂ ਹਨ। ਇਕ ਐਕਸ਼ਨ ਕਮੇਟੀ ਬਣਾਈ ਜਾਂਦੀ ਹੈ। ਰੈਲੀਆਂ ਕੀਤੀਆਂ ਜਾਂਦੀਆਂ ਹਨ ਅਤੇ ਜਦੋਂ ਮਸਲਾ ਪੂਰੀ ਤਰ੍ਹਾਂ ਭੱਖ ਜਾਂਦਾ ਹੈ ਤੇ ਲੋਕ ਇਸ ਨੂੰ ਅਪਣਾ ਲੈਂਦੇ ਹਨ ਤ ਲੋਕਾਂ ਵਿਚੋਂ ਹੀ ਨੁਮਾਂਇਦੇ ਚੁਣ ਕੇ ਐਕਸ਼ਨ ਕਮੇਟੀ ਨੂੰ ਇਕ ਜਮਹੂਰੀ ਰੁਖ ਦੇ ਦਿਤਾ ਜਾਂਦਾ ਹੈ, ਜੋ ਅਗੋਂ ਸਾਰੇ ਪ੍ਰੋਗਰਾਮ ਨੂੰ ਮਸਲੇ ਦੇ ਹਲ ਹੋਣ ਤਕ ਚਲਾਂਦੀ ਹੈ।

ਕਾਲੀਕਟ ਦੇ ਮੈਡੀਕਲ ਕਾਲਜ ਦੇ ਭ੍ਰਿਸ਼ਟਾਚਾਰੀ ਡਾਕਟਰਾਂ ਵਿਰੁਧ ਕਾਰਵਾਈ ਇਸ ਮਿਥੇ ਹੋਏ ਪ੍ਰੋਗਰਾਮ ਅਨੁਸਾਰ ਹੀ ਚਲਾਈ ਗਈ ਸੀ। ਡਾਕਟਰ ਜਾਰਜ ਦੀ ਇਹ ਬਦਕਿਸਮਤੀ ਸੀ ਕਿ ਉਹ ਇਹ ਕਿਆਸ ਹੀ ਨਾ ਕਰ ਸਕਿਆ ਕਿ ਗਲ ਇਸ ਤਰ੍ਹਾਂ ਵਧ ਸਕਦੀ ਹੈ। ਉਹਦਾ ਤਾਂ ਖਿਆਲ ਸੀ ਕਿ ਐਵੇਂ ਮੁੰਡਿਆ ਖੁੰਡਿਆ ਦਾ ਰੌਲਾ ਹੈ, ਸਮੇਂ ਨਾਲ ਮੱਠਾਂ ਪੈ ਜਾਏਗਾ ਪਰ ਜਦੋਂ ਉਸਨੂੰ ਇਸ ਦੀ ਗੰਭੀਰਤਾ ਦਾ ਅਹਿਸਾਸ ਹੋਇਆ, ਗਲ ਕਾਫੀ ਅਗੇ ਨਿੱਕਲ ਚੁਕੀ ਸੀ। ਦਸ ਦਿਨਾਂ ਦੇ ਲਗਾਤਾਰ ਧਰਨਿਆਂ ਅਤੇ ਰੈਲੀਆਂ ਦੇ ਬਾਅਦ ਵੇਦੀ ਵਾਲਿਆਂ ਨੇ ਵੇਖਿਆ ਕਿ ਲੋਕ ਉਭਾਰ ਏਨਾਂ ਸਿੱਖਰ ਤੇ ਪੁਜ ਚੁਕਾ ਹੈ ਕਿ ਜੇਕਰ ਅਗੇ ਕੋਈ ਕਾਰਵਾਈ ਨਾ ਹੋਈ ਤਾਂ ਸਾਰੀ ਗਲ ਇੱਕ ਘੋਰ ਮਾਯੂਸੀ ਵਿਚ ਹੀ ਖਤਮ ਹੋ ਜਾਏਗੀ। ਉਹਨਾਂ ਨੇ ਏਨੀਂ ਮੇਹਨਤ ਨਾਲ ਗਲ ਲੋਕਾਂ ਤਕ ਪੁਚਾਈ ਸੀ। ਲੋਕਾਂ ਨੂੰ ਇਹ ਅਹਿਸਾਸ ਕਰਵਾਇਆ ਸੀ ਕਿ ਇਸ ਸਾਰੇ ਭ੍ਰਿਸਟਾਚਾਰ ਬਾਰੇ ਜੇਕਰ ਉਹ ਚੁਪ ਦਰਸ਼ਕ ਬਣੇ ਰਹੇ ਤਾਂ ਪਾਣੀ ਸਿਰਾਂ ਤੋਂ ਉਤੇ ਲੰਘ ਜਾਵੇਗਾ ਤੇ ਕੋਈ ਵੀ ਇਸ ਦੀ ਮਾਰ ਤੋਂ ਨਹੀਂ ਬਚ ਸਕੇਗਾ। ਵੇਦੀ ਵਾਲਿਆਂ ਨੇ ਹਸਪਤਾਲ ਦੇ ਕੰਮ ਦੀ ਡੂੰਘੀ ਘੋਖ ਕੀਤੀ ਸੀ ਤੇ ਠੋਸ ਸਬੂਤਾਂ ਦੇ ਆਧਾਰ ਤੇ ਭ੍ਰਿਸ਼ਟਾਚਾਰੀ ਡਾਕਟਰਾਂ ਬਾਰੇ ਕੱਚਾ ਚਿੱਠਾ ਤਿਆਰ ਕੀਤਾ ਸੀ, ਜਿਹੜਾ ਇਕ ਰੀਪੋਰਟ ਦੀ ਸ਼ਕਲ ਵਿਚ ਪ੍ਰਕਾਸ਼ਤ ਕੀਤਾ ਗਿਆ ਅਤੇ ਵਡੀ ਗਿਣਤੀ ਵਿਚ ਵੰਡਿਆ ਗਿਆ ਸੀ। ਰੀਪੋਰਟ ਵਿਚ ਮਰੀਜ਼ਾਂ ਨਾਲ ਕੀਤੀਆਂ ਇੰਟਰਵੀਊਆਂ ਛਾਪੀਆਂ ਗਈਆਂ। ਹਾਊਸ ਸਰਜਨਾਂ ਅਤੇ ਮੈਡੀਕਲ ਵਿਦਿਆਰ-ਥੀਆਂ ਦੇ ਬਿਆਨ ਕਲਮਬੰਦ ਕੀਤੇ ਗਏ। ਇਸ ਰੀਪੋਰਟ ਵਿਚ **14** ਡਾਕਟਰਾਂ ਨੂੰ ਉਹਨਾਂ ਦਾ ਨਾਂ ਲੈ ਕੇ ਖੁਲ੍ਹੇ ਆਮ ਦੋਸ਼ੀ ਠਹਿਰਾਇਆ ਗਿਆ। ਇਸ ਲਿਸਟ ਵਿਚ ਜਿਨਾਂ ਕਿਸੇ ਦਾ ਵਡਾ ਦੋਸ਼ ਸੀ ਉਨ੍ਹਾਂ ਉਹਦਾ ਨਾਂ ਉਤਲੀ ਥਾਂ ਤੇ ਸੀ। ਡਾਕਰ ਜਾਰਜ ਦਾ ਨਾਂ ਇਸ ਲਿਸਟ ਵਿਚ

ਸਾਰਿਆਂ ਤੋਂ ਉਤੇ ਸੀ।

ਇਹ ਰੀਪੋਰਟ ਛਾਪਣ ਤੋਂ ਬਾਅਦ ਇਲਾਕੇ ਭਰ ਦੀ ਇਕ ਐਕਸ਼ਨ ਕਮੇਟੀ ਬਣਾਈ ਗਈ, ਜਿਸ ਵਿਚ ਕਾਲੀਕਟ ਦੇ ਸ਼ਹਿਰੀ ਅਤੇ ਨਾਲ ਲਗਦੇ ਦਿਹਾਤੀ ਇਲਾਕੇ ਦੇ ਲੋਕ ਸਨ। 22 ਮਾਰਚ ਤਕ ਸਾਰੀ ਲਹਿਰ ਪੂਰਾ ਜ਼ੋਰ ਪਕੜ ਗਈ ਸੀ ਵੇਦੀ ਵਲੋਂ ਫੈਸਲਾ ਕੀਤਾ ਗਿਆ ਕਿ ਦੋਸ਼ੀ ਡਾਕਟਰਾਂ ਨੂੰ ਲੋਕ ਅਦਾਲਤ ਸਾਹਮਣੇ ਲਿਆਂਦਾ ਜਾਏ। ਇਹ ਜ਼ਰੂਰੀ ਸੀ ਕਿ ਪਹਿਲਾਂ ਦੋਸ਼ੀ ਡਾਕਟਰ ਜਾਰਜ ਹੀ ਹੋਵੇ।

ਸੋਮਵਾਰ ਦੀ ਸਵੇਰ ਆਈ। ਡਾਕਟਰ ਜਾਰਜ ਰੋਜ਼ ਵਾਂਗ ਆਪਣੀ ਕਾਰ 'ਚ ਹਸਪਤਾਲ ਆਇਆ ਪਰ ਜਦੋਂ ਉਹ ਕਾਰ ਤੋਂ ਉਤਰਿਆ ਹੀ, ਉਹਨੇ ਵੇਖਿਆ ਕਿ ਉਹ ਕੁਝ ਨੌਜਵਾਨਾਂ ਦੇ ਘੇਰੇ ਵਿਚ ਸੀ। ਨੌਜਵਾਨਾਂ ਵਿਚੋਂ ਇਕ ਨੇ ਬੜੀ ਪ੍ਰਖਤਾ ਆਵਾਜ਼ ਵਿਚ ਕਿਹਾ "ਡਾਕਟਰ ਸਾਹਿਬ ਸਾਡੇ ਨਾਲ ਹਸਪਤਾਲ ਦੇ ਬਾਹਰ ਚੌਂਕ ਤਕ ਆਵੋ" ਡਾਕਟਰ ਜਾਰਜ ਇਨਕਾਰ ਕਰਨਾ ਚਾਹੁੰਦਾ ਸੀ, ਪਰ ਉਸ ਨੂੰ ਨੌਜਵਾਨਾਂ ਦੇ ਚਿਹਰੇ ਵੇਖਕੇ ਇਕਦਮ ਅਹਿਸਾਸ ਹੋ ਗਿਆ ਕਿ ਹੁਣ ਹੋਰ ਕੋਈ ਚਾਰਾ ਨਹੀਂ। ਜਦੋਂ ਡਾਕਟਰ ਚੌਂਕ ਵਿਚ ਪੁਜਿਆ ਇਹ ਅਹਿ-ਸਾਸ ਡਰ ਵਿਚ ਬਦਲ ਗਿਆ, ਕੋਈ 300 ਲੋਕ ਇਸ ਚੌਂਕ ਵਿਚ ਇਕੱਠੇ ਹੋਏ ਸਨ ਜਿਨਾਂ ਦੇ ਚਿਹਰਿਆਂ ਤੋਂ ਰੋਹ ਸਾਫ ਪੜ੍ਹਿਆਂ ਜਾਂ ਸਕਦਾ ਸੀ। ਡਾਕਟਰ ਨੇ ਕਿਸੇ ਉਮੀਦ ਦੀ ਆਸ ਨਾਲ ਪੁਲਸ ਚੌਂਕੀ ਵਲ ਵੇਖਿਆ, ਜਿਹੜੀ ਚੌਂਕ ਦੇ ਕੋਲ ਹੀ ਸੀ, ਪਰ ਸਵੇਰੇ ਸਵੇਰੇ ਅੱਠ ਵਜੇ ਉਥੇ ਕਿਨੀ ਕੁ ਨਫਰੀ ਹੋਣੀ ਸੀ? ਚੌਂਕ ਤੇ ਇਕ ਆਰਜ਼ੀ ਥੜਾ ਉਸਾਰਿਆ ਗਿਆ। ਅਦਾਲਤ ਉਸ ਥੜੇ ਤੇ ਬੈਠੀ ਤੇ ਕਾਰਵਾਈ ਸ਼ੁਰੂ ਕੀਤੀ ਗਈ। ਵੇਦੀ ਦੇ ਹੀ ਇਕ ਵਰਕਰ ਨੇ ਡਾਕਟਰ ਦੇ ਖਿਲਾਫ ਦੋਸ਼ਾ ਚਿਠਾ ਪੜ੍ਹਿਆ। ਜਿਉਂ ਜਿਉਂ ਇਹ ਪੜ੍ਹਿਆ ਗਿਆ, ਲੋਕਾਂ ਵਲੋਂ ਆਵਾਜ਼ੇ ਕਸੇ ਗਏ, ਜਿਹੜੇ ਉਸ ਨਫਰਤ ਨੂੰ ਜ਼ਾਹਿਰ ਕਰਦੇ ਸਨ, ਜਿਹੜੀ ਉਹਨਾਂ ਦੇ ਦਿਲਾਂ ਵਿਚ ਇਸ ਡਾਕਟਰ ਦੇ ਖਿਲਾਫ ਭਰੀ ਹੋਈ ਸੀ, ਦੋਸ਼ੀ ਨੂੰ ਪੁਛਿਆ ਗਿਆ ਕਿ ਉਸਨੇ ਆਪਣਾ ਕੋਈ ਪੱਖ ਦਸਣਾ ਹੈ। ਡਾਕਟਰ ਨੇ ਉਹ ਕੀ ਦਸਨਾ ਸੀ? ਹਰ ਇਕ ਗਲ ਸੱਚ ਤਾਂ ਸੀ। ਉਹਨੇ ਸਿਰਫ ਏਨਾਂ ਹੀ ਕਿਹਾ, "ਮੈਨੂੰ ਗ਼ਲਤ ਸਮਝਿਆ ਗਿਆ ਹੈ" ਲੋਕ ਅਦਾਲਤ ਨੇ ਮੁਜਰਿਮ ਨੂੰ ਦੋਸ਼ੀ ਠਹਿਰਾਇਆ ਸਜ਼ਾ ਕੀ ਦਿਤੀ ਜਾਏ? ਭੀੜ ਵਿਚ ਇਕ ਆਵਾਜ਼ ਆਈ "ਇਸ ਨੂੰ ਥਾਂ ਤੇ ਹੀ ਵਟੇ ਮਾਰ ਕੇ ਮਾਰ ਦੇਵੋ" "ਹਰਾਮੀ ਦੀਆਂ ਲੱਤਾਂ ਤੋੜ ਦੇਵੋ, ਜਿਸ ਤਰ੍ਹਾਂ ਇਸ ਨੇ ਮੇਰੀਆਂ ਤੋੜੀਆਂ ਹਨ" ਇਕ ਹੋਰ ਆਵਾਜ਼ ਆਈ?

ਆਖਰ ਇਹ ਫੈਸਲਾ ਹੋਇਆ ਕਿ ਡਾਕਟਰ ਦੇ ਗਲ ਵਿਚ ਜੁਤੀਆਂ ਦਾ ਹਾਰ ਪਾ ਕੇ ਜਲੂਸ ਕਢਿਆ ਜਾਏ ਅਤੇ ਹਸਪਤਾਲ ਦਾ ਇਕ ਗੇੜਾ ਲਗਾਇਆ ਜਾਏ। ਇਸ ਤਰ੍ਹਾਂ ਹੀ ਕੀਤਾ ਗਿਆ। ਡਾਕਟਰ ਦੇ ਗਲ ਵਿਚ ਹਾਰ ਪਾਇਆ ਗਿਆ। ਉਹਦੇ ਹੱਥ ਵਿਚ ਇਕ ਗਤਾ ਫੜਾਇਆ ਗਿਆ ਜਿਸ ਉਤੇ ਲਿਖਿਆ ਹੋਇਆ ਸੀ "ਮੈਂ ਕਸੂਰਵਾਰ ਹਾਂ ਮੈਨੂੰ ਇਸ ਵਾਰੀ ਮੁਆਫ ਕੀਤਾ ਜਾਏ" ਹਸਪਤਾਲ ਦਾ ਇਕ ਗੇੜਾ ਮੁਕਿਆ ਹੀ ਸੀ ਕਿ ਪੁਲਸ ਮੌਕੇ ਤੇ ਪੁਜ ਗਈ। ਲਾਠੀ ਚਾਰਜ ਹੋਇਆ। ਵੇਦੀ ਦੇ 43 ਵਰਕਰ ਗਿਰਫਤਾਰ ਵੀ ਹੋਏ। ਪੁਲਸ ਨਾਲ ਝੜਪ ਵੀ ਹੋਈ। ਵੇਦੀ ਵਾਲਿਆਂ ਦੇ ਕੁਝ ਬੰਦੇ ਜ਼ਖਮੀ ਹੋਏ, ਪੁਲਸ ਵਾਲਿਆਂ ਨੂੰ ਵੀ ਕੁਝ ਝਰੀਟਾਂ ਆਈਆਂ ਪਰ ਇਤਹਾਸ ਦੇ ਇਕ ਨਵੇਂ ਕਾਂਡ ਨੇ ਜਨਮ ਲੈ ਲਿਆ ਸੀ।

ਕੇਰਲਾਂ ਦੀਆਂ ਸਾਰੀਆਂ ਅਖ਼ਬਾਰਾ ਵਿਚ ਅਤੇ ਆਮ ਲੋਕਾਂ ਵਿਚ ਇਸ ਘਟਨਾ ਦੀ ਬੜੀ ਚਰਚਾ ਹੋਈ ਅਤੇ ਜਿਸ ਤਰ੍ਹਾਂ ਉਮੀਦ ਕੀਤੀ ਜਾਂਦੀ ਸੀ, ਇਹ ਵੀ ਕਿਹਾ ਗਿਆ ਕਿ ਕੇਰਲਾ ਵਿਚ ਨਕਸਲਾਈਟ ਸਿਰ ਚੁਕ ਰਹੇ ਹਨ। ਕਰੁਨਾਕਰਨ ਵਰਗੇ ਵਿਰੋਧੀ ਦੱਲ ਦੇ ਨੇਤਾਵਾਂ ਨੇ ਚੀਕ ਚਿਹਾੜਾਂ ਪਾਇਆ ਕਿ ਕੇਰਲਾ ਅਤਿਵਾਦੀ ਅਨਸਰਾਂ ਵਲੋਂ ਅਗ ਅਗੇ ਸੁਟਿਆ ਜਾ ਰਿਹਾ ਹੈ ਅਤੇ ਖੱਬੇ ਜਮਹੂਰੀ ਫਰੰਟ ਦੀ ਸਰਕਾਰ ਤਮਾਸ਼ਾ ਵੇਖ ਰਹੀ ਹੈ। ਸਰਕਾਰ ਆਪਣੀ ਥਾਂ ਤੇ ਪਰੇਸ਼ਾਨ ਸੀ। ਸਰਕਾਰ ਦੀ ਪਰੇਸ਼ਾਨੀ ਇਸ ਗਲ ਤੋਂ ਵੀ ਜ਼ਾਹਿਰ ਹੁੰਦੀ ਹੈ, ਜਦੋਂ ਇਕ ਹੋਰ ਡਾਕਟਰ ਨੂੰ ਬੇਨਾਮ ਚਿੱਠੀ ਮਿਲੀ ਕਿ ਜੇਕਰ ਉਹਨੇ ਆਪਣੇ ਆਪ ਨੂੰ ਸੁਧਾਰਿਆ ਤਾਂ ਉਹਦੇ ਨਾਲ ਵੀ ਉਹ ਸਲੂਕ ਹੋਵੇਗਾ, ਜੋ ਡਾਕਟਰ ਜਾਰਜ ਨਾਲ ਹੋਇਆ ਹੈ। ਇਸ ਚਿਠੀ ਉਤੇ ਸਰਕਾਰ ਨੇ ਵਡੀ ਗਿਣਤੀ ਵਿਚ ਪੁਲਸ ਇਸ ਡਾਕਟਰ ਦੇ ਬਚਾਅ ਲਈ ਤਾਇਨਾਤ ਕਰ ਦਿਤੀ, ਭਾਵੇਂ ਪਿਛੋਂ ਇਹ ਪਤਾ ਲਗਾ ਕਿ ਇਹ ਚਿਠੀ ਜਾਅਲੀ ਹੀ ਸੀ।

ਇਸ ਘਟਨਾਂ ਬਾਰੇ ਨਾਇਆਨਾਰ ਸਰਕਾਰ ਦਾ ਪ੍ਰਤੀਕਰਮ ਇਸੇ ਤਰ੍ਹਾਂ ਸੀ, ਜਿਸ ਤਰ੍ਹਾਂ ਕਿ ਕਿਸੇ ਐਸੀ ਲਹਿਰ ਨੇ ਜਨਮ ਲੈ ਲਿਆ ਹੈ, ਜੋ ਸਥਾਪਤ ਸਰਕਾਰ ਅਤੇ ਉਹਦੇ ਕਾਨੂੰਨ ਨੂੰ ਉਲਟਾ ਦੇਵੇਗੀ। ਵਿਸ਼ੇਸ਼ ਕਰਕੇ ਜਦੋਂ ਇਕ ਹੋਰ ਘਟਨਾ ਵਾਪਰੀ, ਜਦੋਂ ਇਕ ਵਡੇ ਜਗੀਰਦਾਰ ਮਥਾਈ ਨੂੰ ਲੋਕ ਅਦਾਲਤ ਵਿਚ ਦੋਸ਼ੀ ਠਹਿਰਾਕੇ ਇਕ ਗੁਰੀਲਾ ਟੁਕੜੀ ਵਾਲੋਂ ਉਹਦੀ ਸਜ਼ਾਏ ਮੌਤ ਸਿਰੇ ਚੜ੍ਹਾਈ ਗਈ। (ਸਮਤਾ ਸਤੰਬਰ ਅੰਕ ਵਿਚ ਇਸ ਘਟਨਾ ਦਾ ਜ਼ਿਕਰ ਕੀਤਾ ਗਿਆ ਸੀ)।

ਵੇਦੀ ਦੇ ਬਹੁਤ ਸਾਰੇ ਸਰਗਰਮ ਵਰਕਰ ਫੜੇ ਗਏ ਹਨ। ਉਹਨਾਂ ਵਿਰੁਧ ਕਾਨੂੰਨ ਨੂੰ ਆਪਣੇ ਹਥ ਲੈਣ ਦੇ

ਮੁਕੱਦਮੇ ਵੀ ਦਾਇਰ ਕੀਤੇ ਗਏ ਹਨ । ਉਹਨਾਂ ਨੂੰ ਕਰੜੀਆਂ ਸਜ਼ਾਵਾਂ ਵੀ ਹੋ ਸਕਦੀਆਂ ਹਨ ਪਰ ਵੇਦੀ ਵਾਲਿਆਂ ਨੇ ਇਸ ਇਕ ਕਾਰਵਾਈ ਨਾਲ ਲੋਕਾਂ ਦੇ ਦਿਲ ਜਿਤ ਲਏ ਹਨ । ਮੈਂ ਬਹੁਤ ਸਾਰੇ ਲੋਕਾਂ ਨੂੰ ਮਿਲਿਆ ਹਾਂ ਇਹਨਾਂ ਵਿਚ ਮੈਡੀਕਲ ਕਾਲਜ ਦੇ ਵਿਦਿਆਰਥੀ ਵੀ ਸਨ ਜਿਹੜੇ ਇਹਨਾਂ ਪ੍ਰੋਫੈਸਰਾਂ ਦੀ ਕਰੋਪੀ ਦੇ ਸ਼ਿਕਾਰ ਰਹੇ ਹਨ । ਉਹ ਸਭ ਕੁਝ ਵੇਖਦੇ ਹੋਏ ਬੋਲ ਨਹੀਂ ਸਨ ਸਕਦੇ ਕਿਉਂਕਿ ਉਹਨਾਂ ਦਾ ਭਵਿਖ ਇਹਨਾਂ ਪ੍ਰੋਫੈਸਰਾਂ ਦੇ ਹੱਥ ਵਿਚ ਹੈ । ਜੇ ਕੋਈ ਬੋਲਣ ਦੀ ਹਿੰਮਤ ਕਰਦਾ ਹੈ, ਉਹਦਾ ਪੰਜ ਸਾਲਾਂ ਦਾ ਮੈਡੀਕਲ ਕੋਰਸ ਅੱਠ ਦਸ ਸਾਲ ਤਕ ਲਟਕਾਇਆ ਜਾ ਸਕਦਾ ਹੈ । ਸਾਰੇ ਮਿਲਣ ਵਾਲੇ ਲੋਕਾਂ ਵਿਚ ਐਡਵੋਕੇਟ ਸਨ, ਜੱਜ ਸਨ ਪਤਰਕਾਰ ਸਨ । ਉਹਨਾਂ ਸਭ ਦਾ ਕਹਿਣਾ ਸੀ ਜੇਕਰ ਦੇਸ਼ ਦਾ ਕਾਨੂੰਨ ਪੈਸੇ ਵਾਲੇ ਲੋਕਾਂ ਦੇ ਅਗੇ ਮਜਬੂਰ ਹੈ, ਤਾਂ ਜ਼ਰੂਰੀ ਨਹੀਂ ਕਿ ਲੋਕ ਵੀ ਮਜਬੂਰ ਹੋਣ । ਚੀਫ ਜਸਟਿਸ ਚੰਦਰ ਚੂੜ ਦਾ ਇਹ ਕਹਿਣਾ ਕਿ ਇਸ ਇਕ ਕਾਰਵਾਈ ਨੇ ਦੇਸ਼ ਦੇ ਕਾਨੂੰਨ ਨੂੰ ਲਿਆ ਕੇ ਚੁਰਾਹੇ ਤੇ ਖੜਾ ਕਰ ਦਿਤਾ ਹੈ, ਬੜੇ ਅਰਥ ਰਖਦੀ ਹੈ । ਇਹੋ ਹੀ ਗੱਲ ਤਰੀਚੂਰ ਵਿਚ ਸੀ.ਪੀ.ਆਈ. ਦੇ ਵਡੇ ਲੀਡਰ ਤੇ ਕੇਰਲਾ ਦੇ ਸਾਬਕਾ ਮੁਖ-ਮੰਤਰੀ ਨੇ ਪਬਲਿਕ ਜਲਸੇ ਵਿਚ ਕਹੀ ਹੈ ।

ਪਬਲਿਕ ਅਦਾਲਤਾਂ ਵਿਚ ਦੋਸ਼ੀਆਂ ਨੂੰ ਪੇਸ਼ ਕਰਨ ਅਤੇ ਉਹਨਾਂ ਨੂੰ ਬਾਕਾਇਦਾ ਸਜ਼ਾਵਾਂ ਸੁਣਾਨੀਆਂ ਅਤੇ ਇਹ ਸਜ਼ਾਵਾਂ ਨੂੰ ਅਮਲੀ ਰੂਪ ਵਿਚ ਨੇਪਰੇ ਵੀ ਚੜ੍ਹਾਉਣਾ, ਇਹ ਸਥਾਪਤ ਕਾਨੂੰਨ ਨੂੰ ਜ਼ਰੂਰ ਚੈਲਿੰਜ ਕਿਹਾ ਜਾ ਸਕਦਾ ਹੈ, ਪਰ ਅੰਨ੍ਹੇ ਬੋਲੇ ਕਾਨੂੰਨ ਦੀਆਂ ਅੱਖਾਂ ਅਤੇ ਕੰਨ ਖੋਲ੍ਹਣ ਦਾ ਲੋਕਾਂ ਕੋਲ ਸਿਵਾਏ ਇਹਦੇ ਰਾਹ ਵੀ ਹੋਰ ਕਿਹੜਾ ਹੈ ? ਵੇਦੀ ਵਾਲਿਆਂ ਉਤੇ ਦੇਸ਼ ਧ੍ਰੋਹੀ ਹੋਣ ਦੇ ਮੁਕੱਦਮੇ ਚਲ ਰਹੇ ਹਨ, ਪਰ ਕੌਣ ਦੇਸ਼ ਧ੍ਰੋਹੀ ਹੈ ਤੇ ਕੌਣ ਦੇਸ਼ ਭਗਤ ਹੈ, ਇਹਦਾ ਫੈਸਲਾ ਹਮੇਸ਼ਾ ਵਕਤ ਦੀਆਂ ਸਰਕਾਰਾਂ ਦੇ ਹੱਥ ਨਹੀਂ ਹੁੰਦਾ, ਇਤਹਾਸ ਦਾ ਇਹ ਸਬਕ ਸਾਨੂੰ ਕਦੀ ਵੀ ਨਹੀਂ ਭੁਲਣਾ ਚਾਹੀਦਾ ।

o

---

ਵਿਦਿਆਰਥੀ ਅਤੇ ਸਿਆਸਤ

# ਮੌਜੂਦਾ ਵਿਦਿਅਕ ਢਾਂਚਾ -- ਨਿਕਾਰੇ ਬਣਾਉਣ ਦਾ ਸਾਂਚਾ

ਪ੍ਰੋ: ਐਮ. ਸੀ. ਭਾਰਦਵਾਜ

[ਆਪਣੇ ਆਲੇ-ਦੁਆਲੇ ਦੇ ਸਮਾਜਕ ਅਮਲ ਨੂੰ ਪੂਰੀ ਤਰ੍ਹਾਂ ਸਮਝਣਾ ਅਤੇ ਇਸ ਨੂੰ ਚੰਗੇਰਾ ਬਨਾਉਣ ਲਈ ਯਤਨ ਕਰਨਾ ਇਹ ਸਿਆਸਤ ਦੇ ਖੇਤ੍ਰ ਵਿਚ ਆਂਦਾ ਹੈ । ਪ੍ਰੋ: ਭਾਰਦਵਾਜ ਦੇ ਸਮਤਾ 17 (ਅਕਤੂਬਰ 1981) ਵਿਚ ਦਿਤੇ ਲੇਖ ਵਿਚ ਇਹ ਸਿਧ ਕੀਤਾ ਗਿਆ ਸੀ ਕਿ ਸਿਆਸਤ ਸਾਡਾ ਪਰਮੋਧਰਮ ਹੈ । ਵਿਦਿਆਰਥੀ ਇਸ ਸਿਆਸਤ ਦਾ ਮਹੱਤਵਪੂਰਬ ਹਿੱਸਾ ਬਣਦੇ ਹਨ ਪਰ ਇਹ ਇਸਦੇ ਵਿਚ ਸਹੀ ਤੌਰ ਤੇ ਤਾਂ ਹੀ ਦਖਲਅੰਦਾਜੀ ਕਰ ਸਕਦੇ ਹਨ ਜੇਕਰ ਉਹਨਾਂ ਨੂੰ ਆਪਣੇ ਆਲੇ-ਦੁਆਲੇ ਤੇ ਖਾਸ ਕਰਕੇ ਉਸ ਵਿਦਿਆ ਸਿਸਟਮ ਬਾਰੇ ਪੂਰਾ ਗਿਆਨ ਹੋਵੇ ਜਿਸ ਵਿਚ ਉਹ ਵਿਦਿਆ ਪਾ ਰਹੇ ਹਨ । ਇਸ ਲੇਖ ਵਿਚ ਪ੍ਰੋ: ਭਾਰਦਵਾਜ ਨੇ ਸਾਡੇ ਵਿਦਿਆ ਸਿਸਟਮ ਦੀ ਅੰਕੜਿਆਂ ਦੀ ਸਹਾਇਤਾ ਨਾਲ ਪੂਰੀ ਚੀਰ ਫਾੜ ਕੀਤੀ ਹੈ ਅਤੇ ਇਹ ਦਸਿਆ ਹੈ ਕਿ ਦੇਸ਼ ਦੇ ਕਲਿਆਨ ਲਈ ਵਿਦਿਆ ਨੀਤੀ ਕਿਸ ਲੀਹਾਂ ਤੇ ਚਲਣੀ ਚਾਹੀਦੀ ਹੈ ਅਤੇ ਇਹ ਕਿਸ ਤਰ੍ਹਾਂ ਚਲ ਸਕਦੀ ਹੈ । ਇਹ ਲੇਖ ਵਿਦਿਆਰਥੀ ਵਰਗ ਨੂੰ ਚੰਗੇਰੇ ਭਵਿਖ ਲਈ ਸੰਘਰਸ਼ ਦੀ ਦਿਸ਼ਾ ਪ੍ਰਦਾਨ ਕਰਦਾ ਹੈ । —ਐਡੀਟਰ]

ਅਜ ਕਲ੍ਹ, ਹਾਕਮ ਜਮਾਤ ਵਲੋਂ ਦਿਨੇ-ਰਾਤੀਂ ਇਹੋ ਹੀ ਪ੍ਰਚਾਰ ਕੀਤਾ ਜਾ ਰਿਹਾ ਹੈ..... ਕਿ ਮੁਲਾਜ਼ਮਾਂ ਨੂੰ ਸਿਆਸਤ ਵਿਚ ਭਾਗ ਨਹੀਂ ਹੈ ਲੈਣਾ ਚਾਹੀਦਾ...... ਵਿਦਿਆਰਥੀਆਂ ਨੂੰ ਪਾਲਿਟਿਕਸ ਤੋਂ ਦੂਰ ਰਹਿਣਾ ਚਾਹੀਦਾ ਹੈ......ਪਰ ਮੈਂ ਤੁਹਾਥੋਂ ਹੀ ਪੁਛਦਾ ਹਾਂ ਕਿ ਵਿਦਿਆਰਥੀਆਂ-ਮੁਲਾਜ਼ਮਾਂ ਨੂੰ ਦੇਸ਼ ਅੰਦਰਲੀ ਪਾਲਿਟਿਕਸ ਤੋਂ ਲਾਂਭੇ ਰਖਣ ਨਾਲ ਕੀ ਦੇਸ਼ ਦੀ ਵਾਗਡੋਰ ਸਮਾਜ ਦੇ ਬਾਕੀ ਦੇ ਮੁਖ ਵਰਗਾਂ ਮਜ਼ਦੂਰਾਂ-ਕਿਸਾਨਾਂ ਦੇ ਹੱਥੀਂ ਆ ਜਾਵੇਗੀ......? ਕੀ ਕਿਹਾ ਜੇ.. ...? ਬਿਲਕੁਲ ਨਹੀਂ ਆ ਸਕੇਗੀ ??

ਤੇ ਜੇ ਮੁਲਕ ਦੀ ਹਕੂਮਤ ਵਾਲੀ ਵਾਗਡੋਰ ਵਿਦਿਆਰਥੀਆਂ-ਮੁਲਾਜ਼ਮਾਂ-ਮਜ਼ਦੂਰਾਂ-ਕਿਸਾਨਾਂ ਦੇ ਹੱਥ ਨਹੀਂ ਹੋਵੇਗੀ ਤਾਂ ਫਿਰ ਕਿਨ੍ਹਾਂ ਦੇ ਹੱਥ ਹੀ ਹਮੇਸ਼ਾ ਰਹੇਗੀ......? ਬਿਜ਼ਨੈਸਮੈਨ ਦੇ ਹੱਥੀਂ !

ਬਿਲਕੁਲ ਦਰੁੱਸਤ – ਬਿਜ਼ਨੈਸਮੈਨਾਂ ਦੇ ਹੱਥੀਂ ! ਮੋਟੇ-ਮੋਟੇ ਬਿਜ਼ਨੈਸਮੈਨਾਂ ਦੇ ਹੱਥੀਂ – ਸਰਮਾਏਦਾਰਾਂ ਦੇ ਹੱਥੀਂ, ਅਜਾਰੇਦਾਰਾਂ ਦੇ ਹੱਥੀਂ ।

ਤੇ ਹੋਰ 'ਸਾਡੀ' ਸਰਕਾਰ ਚਾਹੁੰਦੀ ਵੀ ਕੀ ਹੈ......???

ਸੋ ਪਿਆਰੇ ਹਿੰਦੁਸਤਾਨੀਓ, ਵੇਖਿਆ ਜੇ, ਚਲਾਕ

ਹਾਕਮ, ਸਰਮਾਏਦਾਰਾਂ ਦੇ ਹਿੱਤਾਂ ਦੀ ਰਾਖੀ ਕਰਨ ਖਾਤਰ, ਜੰਤਾ ਦੇ ਸਮੁੱਚੇ ਪੜ੍ਹੇ-ਲਿਖੇ ਹਿੱਸੇ ਨੂੰ ਕਿਵੇਂ ਗੁਮਰਾਹ ਕਰਦੇ ਹਨ। ਸਿਆਸਤ ਤੋਂ ਦੂਰ ਰਵੋ ਤਾਂ ਜੁ ਉਨ੍ਹਾਂ ਦੇ ਆਕਾ ਦੀਆਂ ਲੁੱਟਾ ਬਗੈਰ ਰੋਕ-ਟੋਕ ਦੇ ਜਾਰੀ ਰਹਿ ਸਕਣ !!

ਪਰ ਸਭ ਤੋਂ ਦੁਖ ਵਾਲੀ ਗਲ ਤਾਂ ਇਹ ਹੈ ਕਿ ਆਮ ਲੋਕ ਵੀ, ਹਾਕਮ ਜਮਾਤ ਦੇ ਪ੍ਰਾਪੇਗੰਡੇ ਤੋਂ ਪ੍ਰਭਾਵਿਤ ਹੋਇਆਂ ਅਜ ਦੇ ਪਾੜ੍ਹਿਆਂ (ਕਲ ਦੇ ਮੁਲਾਜ਼ਮਾਂ) ਨੂੰ ਦੇਸ਼ ਅੰਦਰ ਚਲ ਰਹੀ ਸਿਆਸਤ ਵਿਚ ਹਿੱਸਾ ਲੈਣ ਤੋਂ ਵਰਜਨ ਲਗ ਪੈਂਦਾ ਹੈ........ਤੇ ਨਤੀਜੇ ਵਜੋਂ ਅਨਪੜ੍ਹਾਂ, ਖੁਦਗਰਜ਼ਾਂ, ਚਰਿਤਰਹੀਨਾਂ, ਦਗਾਬਾਜ਼ਾਂ, ਸ਼ਧਰੋਹੀਆਂ, ਭਰਿਸ਼ਟਾਚਾਰੀਆਂ, ਸ਼ੋਸ਼ੇਬਾਜ਼ਾਂ, ਅਕ੍ਰਿਤਘਣਾ, ਕੰਮਚੋਰਾਂ, ਗਦਾਰਾਂ, ਹਰਾਮਖੋਰਾਂ, ਗੈਰਜ਼ੁੰਮੇਵਾਰਾਂ, ਆਪਹੁਦਰਿਆਂ, 'ਨਾ ਤਜਰਬਾਕਾਰਾਂ' ਜੌਕਰਾਂ, ਉੱਜੜਾਂ, ਅਲਗਰਜ਼ਾਂ, ਲਗੋਜ਼ਿਆਂ, ਵਾਜਿਆਂ, ਧੋਤੀਪ੍ਰਸ਼ਾਦਾਂ, ਕੱੜਛਦੀਨਾ, ਪੱਗੜ ਸਿੰਘਾਂ, ਮਹੰਤਾਂ-ਮਸੰਦਾਂ, ਵਾਹ ਯਾਤੀਆਂ, ਟਟਪੂੰਜੀਆਂ, ਚੋਰਾਂ-ਉੱਚਕਿਆਂ, ਠੱਗਾਂ-ਠੋਰਾਂ ਬੁਰਛਾਗਰਦਾਂ, ਅਵਾਰਾਗੋਰਦਾਂ, ਬਲੈਕਮਾਰਕੀਟਰਾਂ, ਸਮੱਗਲਰਾਂ, ਕੋਟਾ-ਹੜਪੂਆਂ, ਸਫੈਦਪੋਸ਼ਾਂ, ਜ਼ੈਲਦਾਰਾਂ-ਟਾਊਟਾਂ, ਜੀ ਹਜ਼ੂਰੀਆਂ, ਬੇਗੈਰਤੀਆਂ, ਸ਼ਰਾਬੀਆਂ-ਕਬਾਬੀਆਂ, ਬਿਕਰਕਾਂ, ਵਹਿਸ਼ੀਆਂ ਗੁੰਡਿਆਂ, ਡਾਕੂਆਂ, ਬਲਾਤਕਾਰੀਆਂ, ਦੱਲਿਆਂ, ਦਲਾਲਾਂ ਘੁੱਗੂਆਂ, ਅਕਲ ਦੇ ਅੰਨ੍ਹਿਆਂ, ਅਵਲ ਦਰਜੇ ਦੇ ਬੇਵਕੂਫਾਂ, ਫਿਰਕਾਪ੍ਰਸਤਾਂ, ਮੌਕਾ ਪ੍ਰਸਤਾਂ..... ਕੁਣਬਾਪ੍ਰਰਵਰਾਂ ਦੇ ਹੱਥੀ 68 ਕਰੋੜ ਦੇਸ਼ਵਾਸੀਆਂ ਦੀ ਕਿਸਮਤ ਦਾ ਫੈਸਲਾ ਕਰਨ ਵਾਲੀ ਤਕੜੀ ਆ ਜਾਂਦੀ ਹੈ। .........ਮੈਂ, ਕੋਈ ਗਲਤ ਤਾਂ ਨਹੀਂ ਹਾਂ ਕਹਿ ਗਿਆ ?

...ਅਤੇ ਫਿਰ ਜੋ ਰੰਗ ਇਹ ਚਮਕੀਲੇ-ਭੜਕੀਲੇ-ਹਠੀਲੇ-ਲਚਕੀਲੇ ਤੇ ਰੰਗੀਲੇ, ਗਰੀਬਾਂ ਦੇ ਖਾਨਦਾਨੀ ਹਮਦਰਦ (ਅਮੀਰਾਂ ਦੇ ਜੰਮਾਦਰੂ ਏਜੰਟ) ਵਖਾਉਂਦੇ ਹਨ......ਜੋ ਨੀਤੀਆਂ ਅਤੇ ਯੋਜਨਾਵਾਂ ਇਹ ਲਾਗੂ ਕਰਦੇ ਹਨ ਉਨਾਂ ਨੂੰ ਵੇਖ ਵੇਖ ਕਬਰਾਂ ਵਿਚ ਸੁੱਤਾ ਹੋਇਆ ਮੁਹੰਮਦ-ਤੁਗਲਕ ਵੀ ਇਕ ਵੇਰ੍ਹਾਂ ਤਾਂ ਸ਼ਰਮਸਾਰ ਹੋ ਜਾਂਦਾ ਹੈ – ਜਿਨ੍ਹਾਂ ਨੀਤੀਆਂ ਦੀ ਬਦੌਲਤ ਡਾਕਟਰਾਂ ਇੰਜੀਨੀਅਰਾਂ ਟੈਕਨੀਸ਼ਅਨਾਂ ਅਤੇ ਹੋਰ ਹਰ ਪ੍ਰਕਾਰ ਦੇ ਬੁਧੀਜੀਵੀਆਂ ਨੂੰ ਖੁੜੇ ਲਾਈਨ ਲਾ ਦਿਤਾ ਗਿਆ ਹੈ... ਕਾਮੇ ਗਰੀਬੀ-ਰੇਖਾ ਤੋਂ ਕੰਗਾਲੀ ਵਲ ਦਾ ਸਫਰ ਕਰਨ ਲਈ ਮਜ਼ਬੂਰ ਹੋ ਚੁਕੇ ਹਨ...ਕਲ੍ਹ ਦੇ ਪਾੜ੍ਹਿਆਂ (ਅਜ ਦੇ ਮੁਲਾਜ਼ਮਾਂ-ਅਧਿਕਾਰੀਆਂ) ਦਿਆਂ ਦਿਮਾਗ਼ਾਂ ਨੂੰ ਜ਼ੰਗ ਲਗ ਚੁਕਾ ਹੈ ਅਤੇ ਅਜ ਦੇ ਪਾੜ੍ਹਿਆਂ (ਵਿਦਿਆਰਥੀਆਂ) ਦਾ ਭਵਿਖ-ਕਾਲਾ, ਸ਼ਾਹ ਹੋ ਚੁਕਾ ਹੈ......ਅਤੇ ਦੇਸ਼ ਦੀ ਰੀੜ ਦੀ ਹੱਡੀ ਦਾ (ਚਿੱਟਾ ਅਤੇ ਹਰਿਆ ਇਨਕਲਾਬ ਆ ਜਾਣ ਦੇ ਬਾਵਜੂਦ) ਕੜਾਕਾ ਨਿਕਲ ਚੁਕਾ ਹੈ..... ਅਜ਼ਾਦੀ-ਭਰੇ 34 ਸਾਲ ਗੁਜਰ ਜਾਣ ਮਗਰੋਂ ਉਹ 70 ਸਾਲ ਪਹਿਲਾਂ ਵਾਲੀਆਂ ਹਾਲਤਾਂ ਤੋਂ ਵੀ ਅਗੇ ਲੰਘਦੇ ਜਾ ਰਹੇ ਹਨ।

ਹਾਂ ਤੇ ਪਾਠਕ ਸੱਜਣੋ, ਪਾੜ੍ਹਿਆਂ ਨੂੰ ਸਿਆਸਤ ਤੋਂ ਦੂਰ ਰਖਣ ਵਿਚ ਇਕ ਡੂੰਘੀ ਸਾਜ਼ਿਸ਼ ਛੁੱਪੀ ਹੈ ਤੇ ਇਸ ਸਾਜ਼ਿਸ਼ ਦਾ ਵਡਾ ਭਗ ਹੈ ਕਿ ਦੇਸ਼ ਦਾ ਵਿਦਿਆ ਸਿਸਟਮ ਇਹੋ ਜਿਹਾ ਕਾਇਮ ਰਖਿਆ ਜਾਏ ਕਿ ਵਿਦਿਆਰਥੀ ਵਿਦਅਕ ਸੰਸਥਾਵਾਂ ਤੋਂ ਨਕਾਰਾ ਹੋ ਕੇ ਨਿਕਲੇ। ਰੁਜ਼ਗਾਰ ਦਾ ਫਿਕਰ ਉਸ ਉਤੇ ਹਰ ਵੇਲੇ ਹਾਵੀ ਹੋਵੇ। ਨਾ ਉਹ ਕੁਝ ਆਪਣੇ ਬਾਰੇ ਸੋਚ ਸਕੇ ਤੇ ਨਾ ਸਮਾਜ ਬਾਰੇ ਸੋਚ ਸਕੇ। ਇਕ ਮਾਯੂਸ ਜਿਹਾ ਵਿਅਕਤੀ ਨਿਬੜਕੇ ਉਹ ਦੱਰਬੱਦਰ ਧੱਕੇ ਖਾਂਦਾ ਰਵੇ। ਇਸ ਕਰਕੇ ਜੇਕਰ ਵਿਦਿਆਰਥੀਆਂ ਨੇ ਦੇਸ਼ ਦੀ ਸਿਆਸਤ ਵਿਚ ਸਰਗਰਮ ਹਿੱਸਾ ਪਾਉਣਾ ਹੈ ਤਾਂ ਉਹਨਾਂ ਨੂੰ ਆਪਣੇ ਸਿਖਿਅਕ ਸਿਸਟਮ ਵਿਚ ਤਬਦੀਲੀ ਲਿਆਉਣ ਲਈ ਸੰਘਰਸ਼ ਕਰਨਾ ਪਵੇਗਾ ਤੇ ਇਹਦੇ ਲਈ ਇਸ ਦੀ ਪੂਰੀ ਜਾਣਕਾਰੀ ਦੀ ਜ਼ਰੂਰਤ ਹੈ। ਇਹ ਲੇਖ ਇਸ ਮੰਤਵ ਨੂੰ ਹੀ ਪੂਰਾ ਕਰਨ ਲਈ ਲਿਖਿਆ ਗਿਆ ਹੈ।

ਮੁਗਲਾਂ ਦੇ ਪਤਨ ਤੋਂ ਮਗਰੋਂ, ਅੰਗਰੇਜ਼ ਸਾਡੇ ਦੇਸ਼ ਦੇ ਹਾਕਮ ਬਣੇ। ਵਪਾਰੀ ਤੋਂ ਹਾਕਮ ਬਣਿਆ ਅੰਗਰੇਜ਼, ਪਹਿਲਾਂ ਪਹਿਲ ਤਾਂ ਕੇਵਲ ਗਰਮ ਮਸਾਲੇ ਹੀ ਸਸਤੇ ਭਾਅ ਭਾਰਤ ਤੋਂ ਖਰੀਦ ਕੇ ਲੰਡਨ ਖੜਿਆ ਕਰਦੇ ਸਨ ਪਰ ਚੰਦ ਸਾਲਾਂ ਮਗਰੋਂ ਉਸਦੀ ਨਜ਼ਰ ਬੰਗਾਲ ਦੀ ਪਟਸਨ ਅਤੇ ਅਸਾਮ ਦੀ ਚਾਹ ਤੇ ਆਣ ਟਿਕੀ। ਆਸਾਮ-ਬੰਗਾਲ (ਸਮੇਤ ਬੰਗਲਾ ਦੇਸ਼) ਦੇ ਦੂਰ-ਦਰਾਡੇ ਪਿੰਡਾਂ-ਕਸਬਿਆਂ ਵਿਚ ਸੈਂਕੜੇ ਮਣ ਪਟਸਨ, ਚਾਹ, ਰੇਸ਼ਮ, ਸੰਦਲ ਦੀ ਲਕੜੀ, ਕਾਫੀ, ਪੈਟਰੋਲ ਵਗੈਰਾ ਵਗੈਰ ਇੰਗਲੈਂਡ ਖੜਨ ਵਾਸਤੇ ਕੱਲਕਤੇ ਦੀ ਬੰਦਰਗਾਹਾਂ ਤੋਂ ਲੈ ਕੇ ਸਿਲੀਗੁੜੀ ਤੀਕ ਰੇਲਾਂ ਦਾ ਜਾਲ ਵਛਾਇਆ ਗਿਆ। ਗੁਹਾਟੀ, ਤਿਨਸੁਕੀਆ, ਤੇਜਪੁਰ ਸ਼ਿਲਾਂਗ, ਬਰੌਨੀ ਆਦਿ ਨੂੰ ਸੜਕਾਂ ਰਾਹੀਂ ਜੋੜਿਆ ਗਿਆ। ਗਰਮ ਮਸਾਲਿਆਂ ਦੇ ਨਾਲ-ਨਾਲ ਵਧੀਆ ਕਿਸਮ ਦੀ ਲਕੜੀ, ਸੁਨਹਿਰੀ ਰੇਸ਼ਮ ਪਟਸਨ, ਚਾਹ ਆਦਿ ਦੇ ਵੀ ਜਹਾਜ਼ਾਂ ਦੇ ਜਹਾਜ਼ ਲੰਡਨ ਪੁਜਣ ਲਗੇ ਪਰ ਲਾਲਚੀ ਅੰਗਰੇਜ਼ ਦੀ ਹਵਸ਼ ਪੂਰੀ ਨਾ ਹੋਈ। ਬੰਗਾਲ, ਬਿਹਾਰ, ਯੂ.ਪੀ. ਤੋਂ ਵਧਦਿਆਂ-ਵਧਦਿਆਂ ਫਰੰਗੀ ਨੇ ਪੰਜ-ਆਬ ਦੀ ਧਰਤੀ ਵਲ ਆਪਣੀਆਂ ਨਜ਼ਰਾਂ ਮੋੜੀਆਂ। ਅੰਮ੍ਰਿਤਸਰ, ਜਲੰਧਰ, ਲਹੌਰ, ਸ੍ਰੀ ਨਗਰ ਵਰਗੇ ਇਲਾਕਿਆਂ ਵਿਚੋਂ ਕਣਕ-ਕਪਾਹ, ਜੌਂ-ਛੋਲੇ,

ਆਲੂ-ਬਤਾਊਂ, ਕੇਲੇ-ਸੇਬ, ਬਦਾਮ-ਅਖਰੋਟ ਵੀ ਹਿੰਦੁਸਤਾਨੀ ਬੱਚਿਆਂ ਦੇ ਮੂੰਹੋਂ ਖੋਹ-ਖੋਹ ਕੇ, ਫਰੰਗੀ ਆਪਣੇ ਟੱਬਰਾਂ ਵਾਸਤੇ ਵਲੈਤ ਲੈ ਜਾਂਦੇ । ਕਣਕ, ਕਪਾਹ, ਸ਼ਹਿਦ, ਮੱਖਣ ਸਿਰਫ ਇੰਗਲੈਂਡ ਹੀ ਨਹੀਂ ਸਨ ਖੜਦੇ ਸਗੋਂ ਹੋਰਨਾਂ ਯੂਰਪੀਅਨ ਦੇਸ਼ਾਂ ਨੂੰ ਵੀ ਅਗੋਂ ਮਹਿੰਗੇ ਭਾ ਵੇਚ ਛਡਦੇ । ਵਪਾਰ ਵਿਚ ਭਾਰੀ ਮੁਨਾਫਾ ਹੋਣ ਕਾਰਨ; ਸਵਾਇਆ, ਡਿਊਢਾ, ਦੁਗਣਾ, ਤਿਗੁਣਾ – ਹਰ ਸਾਲ ਪਹਿਲੇ ਸਾਲ ਨਾਲੋਂ ਵਧ ਮਾਲ ਹੀ ਬਾਹਰ ਭੇਜੀ ਜਾਂਦੇ । ਵਧੇਰੇ, ਹੋਰ ਵਧੇਰੇ ਐਕਸਪੋਰਟ ਕਰਨ ਖਾਤਰ, ਉਨ੍ਹਾਂ ਨੇ ਮਾਲਵੇ, ਮਾਝੇ ਮੁਲਤਾਨ ਦੇ ਇਲਾਕੇ ਵਿਚ ਨਵੀਆਂ ਨਹਿਰਾਂ ਬਨਾਉਣ ਬਾਬਤ ਸੋਚਿਆ ਤਾਂ ਜੁ ਮਿੰਟਗੁਮਰੀ, ਲਾਇਲਪੁਰ ਦੀਆਂ ਬਾਰਾਂ ਤੋਂ (ਜੰਗਲ ਦਾ ਵਿਕਾਸ ਕਰਕੇ) ਵਧੀਆ ਕਿਸਮ ਦੀ ਕਣਕ ਪ੍ਰਾਪਤ ਕਰ ਸਕਣ । ਲਾਇਲਪੁਰ ਪਾਕਿਸਤਾਨ ਦੇ ਇਲਾਕੇ ਦੀ ਕਣਕ ਦੀ ਡਬਲਰੋਟੀ ਗੋਰੇ-ਗੋਰੀਆਂ ਬੜੇ ਸਵਾਦ ਨਾਲ ਖਾਂਦੇ ਸਨ ।

*** ਕਾਲਜਾਂ ਦਾ ਜਨਮ ***

ਨਵੀਆਂ ਰੇਲਾਂ, ਨਹਿਰਾਂ, ਸੜਕਾਂ ਕਢਣ ਵਾਸਤੇ ਓਵਰਸੀਅਰਾਂ ਦੀ ਲੋੜ ਪਈ, ਸਰਵੇਅਰਾਂ ਅਤੇ ਪਟਵਾਰੀਆਂ-ਕਾਨੂੰਨ ਗੋਆਂ ਦੀ ਲੋੜ ਪਈ । ਪਹਿਲਾਂ-ਪਹਿਲ ਤਾਂ ਓਵਰਸੀਅਰ ਵੀ ਅੰਗਰੇਜ਼ ਹੁੰਦੇ ਸਨ ਪਰ ਬੇਅੰਤ ਨਹਿਰਾਂ ਬਨਾਉਣ ਖਾਤਰ ਢੇਰ ਸਾਰੇ ਓਵਰਸੀਅਰਾਂ, ਸਰਵੇਅਰਾਂ ਡਰਾਫਸਮੈਂਨਾ (ਨਕਸ਼ਾ ਨਵੀਸਾਂ) ਦੀ ਲੋੜ ਸੀ । ਲੰਡਨ ਤੋਂ ਆਉਣ ਵਾਲੇ ਗੋਰੇ ਓਵਰਸੀਅਰਾਂ ਨੂੰ ਬਹੁਤ ਭਾਰੀ ਭੱਤੇ ਦੇਣੇ ਪੈਂਦੇ ਸਨ । ਸੋ ਅੰਗਰੇਜ਼ਾਂ ਨੇ ਦੇਸੀ ਓਵਰਸੀਅਰ ਪੈਦਾ ਕਰਨ ਬਾਬਤ ਸਕੀਮ ਬਣਾਈ ਤਾਂ ਜੁ ਅੰਗਰੇਜ਼ਾਂ ਦੀ ਬਜਾਏ ਮਮੂਲੀ ਤਨਖਾਹਾਂ ਉਪਰ ਹਿੰਦੀ ਓਵਰਸੀਅਰ ਮਿਲ ਸਕਣ । ਇਸ ਸਕੀਮ ਤਹਿਤ ਹੀ, ਹਿੰਦੋਸਤਾਨ ਵਿਚ ਸਭ ਤੋਂ ਪਹਿਲਾਂ ਰੁੜਕੀ-ਇੰਨਜੀਨਰਿੰਗ ਕਾਲਜ ਸੰਨ 1840 ਦੇ ਕਰੀਬ ਹੋਂਦ ਵਿਚ ਆਇਆ । ਪੁਰਾਣੇ ਪੰਜਾਬ ਦਾ ਇਤਿਹਾਸਕ ਕਾਲਜ-ਖਾਲਸਾ-ਕਾਲਜ ਅੰਮ੍ਰਿਤਸਰ ਇਸ ਤੋਂ ਕੋਈ ਪੰਜਾਹ ਸਾਲ ਮਗਰੋਂ ਬਣਿਆਂ ਸੀ। ਥਾਮਸਨ ਪਾਲੀਟੈਕਨਕ ਰੁੜਕੀ ਅਤੇ ਰਸੂਲ ਪਾਲੀਟੈਕਨਕ (ਪਾਕਿਸਤਾਨ) ਇੰਨਜੀਨਰਿੰਗ ਦੇ ਦੋ ਸਭ ਤੋਂ ਪੁਰਾਣੇ ਅਦਾਰੇ ਹਨ ।

ਸਮੇਂ ਦੇ ਗੁਜ਼ਰਨ ਨਾਲ ਹੋਰ ਵੀ ਬਹੁਤ ਸਾਰੇ ਆਰਟਸ ਸਾਇੰਸ ਕਾਲਜ ਹੋਂਦ ਵਿਚ ਆਏ ਜਿਨਾਂ ਸਦਕਾ ਤੇਜ਼ੀ ਨਾਲ ਹੋ ਰਹੇ ਰੇਲਾਂ, ਸੜਕਾਂ ਨਹਿਰਾਂ, ਸਕੂਲਾਂ, ਹਸਪਤਾਲਾਂ, ਬਿਜਲੀ ਅਤੇ ਬਿਲਡਿੰਗ ਵਿਭਾਗਾਂ ਦੇ ਵਿਕਾਸ ਖਾਤਰ, ਬਹੁਤ ਸਾਰੇ ਦੇਸੀ ਕਲਰਕ ਬਾਬੂ, ਮੁਣਸ਼ੀ, ਸਰਵੇਅਰ, ਮਕੈਨਕ, ਪਟਵਾਰੀ, ਅਕਾਊਂਟੈਂਟ ਪ੍ਰਾਪਤ ਹੋਏ । ਸੰਨ 1880-1930 ਦੇ ਪੰਜਾਹ ਸਾਲਾਂ ਦੌਰਾਨ ਹਿੰਦੁਸਤਾਨ ਵਿਚ ਰੇਲਾਂ-ਸੜਕਾਂ-ਸਕੂਲਾਂ-ਨਹਿਰਾਂ-ਕਾਲਜਾਂ-ਹਸਪਤਾਲਾਂ ਦੇ ਮਹਿਕਮਿਆਂ ਨੇ ਬਹੁਤ ਭਾਰੀ ਵਿਕਾਸ ਕੀਤਾ । ਪਰ ਇਥੇ ਇਹ ਕਦੇ ਨਹੀਂ ਭੁਲਣਾ ਚਾਹੀਦਾ ਕਿ ਅੰਗਰੇਜ਼ ਹਿੰਦੁਸਤਾਨ ਦੀ ਤਰੱਕੀ ਕਰਨ ਖਾਤਰ ਨਹੀਂ ਆਏ ਸੀ, ਭਾਰਤਵਾਸੀਆਂ ਦੀ ਟਹਿਲ-ਸੇਵਾ ਕਰਨ ਲਈ ਨਹੀਂ ਆਏ ਸਨ । ਰੇਲਾਂ-ਨਹਿਰਾਂ-ਸੜਕਾਂ ਦੇ ਜਾਲ, ਉਹਨਾਂ ਹਿੰਦੁਸਤਾਨ ਵਿਚੋਂ 'ਵਧੇਰੇ' ਪੈਦਾਵਾਰ ਕਰਵਾ ਕੇ, 'ਸੌਖਿਆਂ,' ਇੰਗਲੈਂਡ ਪੁਜਦਾ ਕਰਨ ਖਾਤਰ ਵਿਛਾਏ ਸਨ। ਰੇਲਾਂ-ਸੜਕਾਂ ਜ਼ਰੀਹੇ ਹੀ ਉਹ ਪੁਲੀਸ-ਫ਼ੌਜ ਦੂਰ-ਦੁਰੇਡੀਆਂ ਥਾਵਾਂ ਤੇ, ਲੋਕਾਂ ਤੇ ਕੰਟਰੋਲ ਕਰਨ ਵਾਸਤੇ ਭੇਜ ਸਕਦੇ ਹਨ !! ਇਹ ਜਾਲ ਵਿਛਾਉਣ ਖਾਤਰ ਹੀ ਵੱਖ ਵੱਖ ਇੰਨਜੀਨਰਿੰਗ/ਆਰਟ/ਸਾਇੰਸ ਕਾਲਜ ਹੋਂਦ ਵਿਚ ਆਏ ਸਨ !! ਖੈਰ, ਸਮਾਂ ਗੁਜ਼ਰਦਾ ਗਿਆ ਤੇ 1947 ਆ ਪਹੁੰਚਾ । ਲਾਲਕਿਲੇ ਤੇ ਯੂਨੀਅਨ ਜੈਕ ਦੀ ਜਗ੍ਹਾ ਤਰੰਗਾ ਝੂਲਣ ਲਗ ਪਿਆ । ਅਜ਼ਾਦੀ ਦੇ ਪਹਿਲੇ 10-15 ਸਾਲਾਂ ਦੁਰਾਨ ਹੀ ਭਾਖੜਾ ਡੈਮ ਵਰਗੇ ਪ੍ਰੋਜੈਕਟ ਬਣ ਗਏ ਜਿਨ੍ਹਾਂ ਨੂੰ ਵੀਹਵੀਂ ਸਦੀ ਦੇ ਮੰਦਰਾਂ ਵਜੋਂ ਸਦਿਆ ਜਾਣ ਲਗਾ । ਇਨ੍ਹਾਂ ਪ੍ਰੋਜੈਕਟਾਂ ਸਦਕਾ ਬਿਜਲੀ-ਸ਼ਕਤੀ ਵਿਚ ਵਾਧਾ ਹੋਇਆ ਜਿਸ ਰਾਹੀਂ ਸੈਂਕੜੇ ਕਾਰਖਾਨੇ, ਮਿੱਲਾਂ, ਫੈਕਟਰੀਆਂ ਹੋਂਦ ਵਿਚ ਆਈਆਂ । ਪਰ 1960 ਟਪਦਿਆਂ ਹੀ ਵਿਕਾਸ ਦੀ ਰਫ਼ਤਾਰ ਮਧਮ ਪੈਣ ਲਗੀ ਜੋ ਆਹਿਸਤਾ-ਆਹਿਸਤਾ ਹੁੰਦੀ ਹੋਈ 1970 ਤੀਕ ਪ੍ਰਾਣ ਛਡ ਗਈ । ਇਕ ਪਾਸੇ ਤਾਂ ਵਿਕਾਸ ਦੀ ਚਾਲ ਜੂੰ ਨੂੰ ਵੀ ਸ਼ਰਮਿੰਦਿਆਂ ਕਰਨ ਲਗੀ, ਦੂਸਰੇ ਪਾਸੇ 1955 ਤੋਂ ਮਗਰੋਂ ਕਾਂਗਰਸ ਵਿਚ ਭ੍ਰਿਸ਼ਟਾਚਾਰੀ ਨੇ ਜੜ੍ਹਾਂ ਫੜਨੀਆਂ ਸ਼ੁਰੂ ਕਰ ਦਿਤੀਆਂ । ਭ੍ਰਿਸ਼ਟਾਚਾਰੀ ਤੋਂ ਇਲਾਵਾ ਕੁਨਬਾਪਰਵਰੀ ਵੀ ਆਪਣੇ ਰੰਗ ਵਖਾਉਣ ਲਗੀ । ਸੰਨ 1957 ਦੁਰਾਨ, ਸ੍ਰੀ ਮਤੀ ਇੰਦਰਾ ਗਾਂਧੀ ਦੀ ਸਲਾਹ ਤੇ (ਉਸ ਵਕਤ ਇਹ ਕਾਂਗਰਸ ਦੇ ਪ੍ਰਧਾਨ ਸਨ), ਬਿਨਾਂ-ਵਜ੍ਹਾ, ਕੇਰਲਾ ਦੀ ਦੀ ਨੰਬੋਦਰੀਪਾਦ-ਸਰਕਾਰ ਨੂੰ ਡਿਸਮਿਸ ਕਰਨਾ ਜਵਾਹਰਲਾਲ ਹੋਰਾਂ ਵਲੋਂ ਇੰਦਰਾ ਜੀ ਨੂੰ ਪਰੋਜੈਕਟ ਕਰਨਾ ਤੇ ਉਸਨੂੰ ਹੀਰੋਇਨ ਬਨਾਉਣਾ ਸੀ ।

ਕੁਨਬਾਪਰਵਰੀ ਅਤੇ ਭ੍ਰਿਸ਼ਟਾਚਾਰੀ ਵਿਚ ਪੰਜਾਬ ਦੇ ਮੁੱਖ-ਮੰਤਰੀ ਕੈਰੋਂ ਅਤੇ ਜੰਮੂ ਕਸ਼ਮੀਰ ਦੇ ਮੁੱਖ-ਮੰਤਰੀ ਬਖਸ਼ੀ ਗੁਲਾਮ ਮੁਹੰਮਦ ਹੋਰਾਂ ਦੇ 'ਸਪੁਤਰਾਂ' ਦੇ ਨਾਉਂ ਵੀ ਜੁੜਨ ਲਗੇ । ਬਸ ਜਿਉਂ ਹੀ ਭੂਆ-ਭਤੀਜੀ (ਕੁਨਬਾਪਰਵਰੀ ਭ੍ਰਿਸ਼ਟਾਚਾਰੀ) ਹੋਂਦ ਵਿਚ ਆਈਆਂ, ਦੇਸ਼ ਵਿਚ ਦੁਰਪ੍ਰਬੰਧ ਨੇ ਜਨਮ ਲੈ ਲਿਆ । ਕੁਰੱਪਟ ਮੰਤਰੀ, ਮੁੱਖ-ਮੰਤਰੀ ਆਪਣੇ ਹੇਠਲਿਆਂ ਅਫਸਰਾਂ ਤੋਂ ਕਦੇ ਵੀ ਅੱਖਾਂ ਮਿਲਾ ਕੇ ਕੰਮ ਨਹੀਂ ਸਨ ਕਢਵਾ ਸਕਦੇ । ਅਫਸਰਸ਼ਾਹੀ ਦੀਆਂ

ਵਾਗਾਂ ਢਿਲੀਆਂ ਪੈਣ ਦੀ ਹੀ ਦੇਰ ਸੀ ਕਿ ਦੁਰ-ਪ੍ਰਬੰਧਕੀ ਦੀ ਕੁੱਖ ਵਿਚ ਅਯੋਜਨਾਬੰਦੀ ਨੌਂ ਮਹੀਨੇ ਵੀ ਨਾ ਟਿਕੀ ...ਨਤੀਜੇ ਵਜੋਂ ਵਿਕਾਸ ਹੋਇਆ ਪਰ ਕੇਵਲ ਕਾਗਜ਼ਾਂ ਵਿਚ !! ਅਜ ਵੀ ਅਗਰ, ਪੂਰਣ ਈਮਾਨਦਾਰੀ ਸਹਿਤ ਥੀਨਡੈਮ ਨਾਲ ਸਬੰਧਤ ਤਮਾਮ ਕਾਗਜ਼ੀ-ਕਾਰਵਾਈ, ਫਾਈਲਾਂ, ਅਖਬਾਰੀ, ਕਿਆਨਾਂ ਆਦਿ ਤੇ ਪਿਛਲੇ 200 ਮਹੀ-ਨਿਆਂ ਦੁਰਾਨ ਲਗੇ ਕਾਗਜ਼ਾਂ ਨੂੰ ਇਕ ਦੂਜੇ ਉਪਰ ਟਿਕਾ ਕੇ ਰਖ ਦਈਏ ਤਾਂ ਲੇਖਕ ਦਾਹਵੇ ਨਾਲ ਕਹਿੰਦਾ ਹੈ ਕਿ ਥੀਨਡੈਮ ਤਾਂ ਕੀ, ਫਾਈਲਾਂ ਦੇ ਢੇਰ ਦੀ ਉਚਾਈ ਭਾਖੜਾਡੈਮ ਤੋਂ ਵੀ ਉਪਰ ਟੱਪ ਜਾਵੇਗੀ !! ਉਂਜ ਵੈਸੇ ਥੀਨਡੈਮ ਦੀ ਨੀਂਹ ਪੁਟਣ ਵਾਸਤੇ, ਕਹੀ ਦਾ ਆਡਰ ਕਿਸੇ ਲੁਹਾਰ ਨੂੰ ਹਾਲੇ ਤੀਕ ਨਹੀਂ ਹੈ ਦਿਤਾ ਗਿਆ।

ਇਕ ਹੱਥ ਵਿਕਾਸ ਮਨਫੀ ਹੋ ਗਿਆ ਦੂਸਰੇ ਪਾਸੇ ਬੀ.ਏ., ਐਮ.ਏ., ਬੀ.ਐਡ., ਐਮ.ਐਡ. ਤੁਰੇ ਹੀ ਆਏ...ਤੁਰੇ ਹੀ ਆਏ, ਜਿਸਦਾ ਨਤੀਜਾ ਇਹ ਨਿਕ-ਲਿਆ ਸੋਲ੍ਹਾਂ-ਸੋਲ੍ਹਾਂ ਪਾਸ ਨੌਜਵਾਨ ਬੱਤੀ-ਬੱਤੀ ਸਾਲ ਦੇ ਹੋ ਜਾਂਦੇ ਹਨ ਪਰ ਨੌਕਰੀ ਨਹੀਂ ਹੈ ਲਭਦੀ। ਉਨ੍ਹਾਂ ਨੂੰ ਵਿਦਿਆ ਵੀ ਅਜਿਹੀ ਦਿਤੀ ਜਾ ਰਹੀ ਹੈ ਕਿ ਉਹ ਨਾ ਘਰਦੇ ਰਹਿਣ ਨਾ ਘਾਟ ਦੇ – ਭਾਵੇਂ ਉਨ੍ਹਾਂ ਨੂੰ ਪੈਰ-ਪੈਰ ਤੇ ਅਜਿਹਾ ਵਿਸ਼ਵਾਸ਼ ਦਵਾਇਆ ਜਾਂਦਾ ਰਿਹਾ ਕਿ ਅਗਰ ਉਹ ਮੁਲਕ ਵਿਚ ਚਲ ਰਹੀ ਚੰਗੀ (ਜਾਂ ਭੈੜੀ) ਪਾਲੇਟਿਕਸ (ਜਾਂ ਪਲੈਨਿੰਗ) ਉਪਰ ਬਿਲਕੁਲ ਕਿੰਤੂ ਪਰੰਤੂ ਨਾ ਕਰਨ...ਸ਼ਾਂਤ ਰਹਿਣ ਤਾਂ ਭਵਿਖ ਉਨ੍ਹਾਂ ਦਾ ਬਹੁਤ ਚੰਗਾ ਹੈ...ਉਹੀ ਕਲ ਦੇ ਨੈਹਰੂ ਅਤੇ ਗਾਂਧੀ ਹੋਣਗੇ... ਅਗਰ ਨੈਹਰੂ ਗਾਂਧੀ ਨਾ ਵੀ ਬਣੇ ਤਾਂ ਟਾਈਟਲਰ, ਗਰਚੇ, ਧਰਿੰਦਰ ਬਰਮਚਾਰੀ ਤਾਂ ਜ਼ਰੂਰ ਬਣ ਜਾਣਗੇ ਮਗਰ ਉਹ ਪੜ੍ਹਾਈ ਵਿਚ ਹੀ ਧਿਆਨ ਰਖਣ... ਕੇਵਲ ਪੜ੍ਹਾਈ ਵਿਚ ! ਇਸਦੇ ਫਲ ਸਰੂਪ ਨਤੀਜਾ ਇਹ ਹੋਇਆ ਕਿ ਅਖੌਤੀ ਗਿਆਨ ਦੀ ਡਿਗਰੀਆਂ ਕੱਛੀਂ ਮਾਰੀ ਅਜ ਦੇ ਘੋਰ ਅੰਧਕਾਰ ਵਿਚੋਂ ਵੀ ਪੜ੍ਹੇ ਲਿਖੇ ਨੌਜਵਾਨ ਆਪਣਾ "ਸੁਨਹਿਰੀ" ਭਵਿਸ਼ ਪ੍ਰਾਪਤ ਕਰ ਲੈਣ ਦੀਆਂ ਆਸਾਂ ਲਾਈ ਬੈਠੇ ਹਨ...।

'ਟੋਟਲ ਰੈਵੂਲੂਸ਼ਨ' ਲਿਆਉਣ ਵਾਲੇ ਕਦੋਂ ਦੇ ਖੁਦ ਟੋਟਲ ਹੋ ਚੁਕੇ ਹਨ...ਮੁਰਾਰਜੀ ਡੀਸਾਈ ਦਸ ਸਾਲਾਂ ਵਿਚ ਸਭ ਲਈ ਨੌਕਰੀਆਂ ਦਾ ਵਿਸ਼ਵਾਸ਼ ਦਵਾਉਂਦੇ-ਦਵਾਉਂਦੇ ਆਪਣੀ ਪਾਰਟੀ ਦਾ ਵਿਸ਼ਵਾਸ਼ ਗਵਾ ਬੈਠੇ ਹਨ...ਵੀਹ ਨੁਕਾਤੀ ਪ੍ਰੋਗਰਾਮ ਦਾ ਘੋਰੜੂ ਕਦੋਂ ਦਾ ਵਜ ਚੁਕਾ ਹੈ...'ਗਰੀਬੀ...ਹਟਾਓ' ਦਾ ਪ੍ਰਚਾਰ ਕਰਨ ਵਾਲੇ ਮੁੜ ਆਪਣੇ ਪੁਰਾਣੇ ਕਿਤੇ "ਭਾਂਡੇ ਕਲੀ...ਕਰਾਓ" ਦਾ ਹੋਕਾ ਦੇਣ ਲਗ ਪਏ ਹਨ, ਪੰਜ ਨੁਕਾਤੀ ਵਾਲਾ ਕਬੂਤਰ ਕਦੋਂ ਦਾ ਫੁਰਰ ਹੋ ਚੁਕਾ ਹੈ, ਪੰਜ ਲੱਖ ਨੌਕਰੀਆਂ ਵਾਲੀ ਸਕੀਮ ਕਦੋਂ ਦੀ ਠੁੱਸ ਹੋ ਚੁਕੀ ਹੈ (ਇਹ ਸਕੀਮ ਸੰਨ 1972 ਦੀਆਂ ਚੋਣਾਂ ਮਗਰੋਂ ਚਲਾਈ ਗਈ ਸੀ 5 ਲੱਖ ਨੌਕਰੀਆਂ ਹਰ ਸਾਲ, ਇਹ ਇੰਦਰਾ ਗਾਂਧੀ ਦਾ ਨਾਅਰਾ ਸੀ।)

* ਭਾਰਤਵਰਸ਼ ਜਾਂ ਬੇਕਾਰਵਰਸ਼...? *

ਭਾਰਤ ਅੰਕੜਾ ਸਾਰ 80 (ਸਫਾ 297 ਅਨੁਸਾਰ ਸੰਨ 1956 ਤੀਕ, ਬੇਰੁਜ਼ਗਾਰਾਂ ਦੀ ਗਿਣਤੀ ਐਵੇਂ ਨਾਂ ਮਾਤਰ ਹੀ ਸੀ। ਇੰਦਰਾ ਗਾਂਧੀ ਜੀ ਤੋਂ ਪਹਿਲਾਂ ਦੇ ਸਮੇਂ ਵਿਚ (1956-66) ਬੇਰੁਜ਼ਗਾਰਾਂ ਦੀ ਗਿਣਤੀ ਵਿਚ ਵਾਧਾ ਪੌਣੇ ਦੋ ਲੱਖ ਪ੍ਰਤੀ ਸਾਲ ਹੁੰਦਾ ਸੀ ਪਰ ਸ੍ਰੀਮਤੀ ਜੀ ਦੀ ਗੱਦੀ ਤੇ ਬੈਠਣ ਦੀ ਹੀ ਦੇਰ ਸੀ ਕਿ ਬੇਰੁਜ਼ਗਾਰੀ ਨੇ ਵੀ ਭਾਰੀ ਤਰੱਕੀ ਕੀਤੀ ? ਬੇਰੁਜ਼ਗਾਰਾਂ ਦੀ ਗਿਣਤੀ ਵਿਚ 14 ਸਾਲਾਂ ਦੇ ਰਾਜਪਾਟ ਦੁਰਾਨ, ਘਟੋ-ਘਟ ਸਤ ਗੁਣਾ ਵਾਧਾ ਜ਼ਰੂਰ ਹੋਇਆ ਹੈ। ਸੰਨ 1966 ਵਿਚ ਰੁਜ਼ਗਾਰ ਦਫਤਰਾਂ ਦੇ ਰਜਿਸਟਰਾਂ ਮੁਤਾਬਕ 25 ਲੱਖ ਦੇ ਕਰੀਬ ਬੇਰੁਜ਼ਗਾਰ ਸਨ ਪਰ 1981 ਤੀਕ ਬੇਰੁਜ਼ਗਾਰਾਂ ਦੀ ਗਿਣਤੀ ਵਧ-ਵਧ ਕੇ 175 ਲੱਖਾਂ ਤੋਂ ਵੀ ਟੱਪ ਚੁਕੀ ਹੈ ਸ੍ਰੀਮਤੀ ਇੰਦਰਾ ਗਾਂਧੀ ਦੇ ਰਾਜ ਵਿਚ ਬੇਰੁਜ਼ਗਾਰਾਂ ਦੀ ਗਿਣਤੀ ਵਿਚ ਔਸਤਨ 10,00000 ਸਾਲਾਨਾ ਵਾਧਾ ਹੋਇਆ ਹੈ। ਕਈ ਦੇਸ਼ਾਂ ਦੀ ਐਨੀ ਅਬਾਦੀ ਹੀ ਨਹੀਂ ਹੈ – ਜਿੰਨਾਂ ਵਾਧਾ ਸਾਡੀ ਬੇਕਾਰ-ਸੈਨਾ ਵਿਚ ਪ੍ਰਤੀ ਸਾਲਾ ਹੁੰਦਾ ਹੈ। ਦਸ ਲੱਖ ਪ੍ਰਤੀ ਸਾਲ ਤਾਂ ਔਸਤਨ ਵਾਧਾ ਹੈ, ਅਗਰ ਪਿਛਲੇ ਚਹੁੰ ਸਾਲਾਂ ਦੇ ਅੰਕੜਿਆਂ ਤੇ ਝਾਤੀ ਮਾਰੀਏ ਤਾਂ ਇਹ ਵਾਧਾ 17 ਲੱਖ ਪ੍ਰਤੀ ਸਾਲ ਦਾ ਬਣਦਾ ਹੈ !! ਇਹ ਗਿਣਤੀ-ਮਿਣਤੀ ਤਾਂ ਉਨ੍ਹਾਂ ਬੇਰੁਜ਼ਗਾਰਾਂ ਦੀ ਹੈ ਜਿਨ੍ਹਾਂ ਨੇ ਆਪਣੇ ਨਾਉਂ 'ਬੇਕਾਰ-ਦਫ਼ਤਰਾਂ' ਵਿਚ ਦਰਜ ਕਰਵਾਏ ਹੋਏ ਹਨ। ਜਿਨ੍ਹਾਂ ਨੇ ਆਪਣੇ ਨਾਉਂ ਹੀ ਕਿਤੇ ਦਰਜ ਨਹੀਂ ਹਨ ਕਰਵਾਏ (ਜਾਂ ਕਰਵਾਕੇ ਕਈ-ਕਈ ਵੇਰ੍ਹਾਂ ਕਟਵਾਈ ਬੈਠੇ ਹਨ) ਉਨ੍ਹਾਂ ਦੀ ਤਾਂ ਗਿਣਤੀ ਲਈ ਸਰਵੇ ਕਰਨ ਖਾਤਰ ਹੀ ਕਈ ਹਜ਼ਾਰ ਲੋਕਾਂ ਨੂੰ ਨੌਕਰੀਆਂ ਮਿਲਣ ਦੀਆਂ ਸੰਭਾਵਨਾਵਾਂ ਰੱਦ ਨਹੀਂ ਹਨ ਕੀਤੀਆਂ ਜਾ ਸਕਦੀਆਂ। ਹਾਲੇ ਤਾਂ ਰੱਬ ਦਾ ਸ਼ੁਕਰ ਹੈ ਕਿ 'ਅਜ਼ਾਦ' ਹਿੰਦੋਸਤਾਨ ਵਿਚ 25 ਨੌਜਵਾਨਾਂ ਵਿਚੋਂ 24 ਨੌਜਵਾਨਾਂ ਨੂੰ (17-23 ਸਾਲ ਦੀ ਉਮਰ ਦਿਆਂ ਨੂੰ) ਕਦੇ ਕਾਲਜ ਪੜ੍ਹਨ ਦਾ ਹੀ ਮੌਕਾ ਨਸੀਬ ਨਹੀਂ ਹੁੰਦਾ ਵਰਨਾ ਹੁਣ ਤੀਕ ਸਾਡੇ ਦੇਸ਼ ਦਾ ਨਾਉਂ ਭਾਰਤਵਰਸ਼ ਦੀ ਜਗ੍ਹਾ ਸ਼ਾਇਦ ਬੇਕਾਰ-ਵਰਸ਼ ਹੀ ਪੈ ਗਿਆ ਹੁੰਦਾ।

* ਬੇਰੁਜ਼ਗਾਰੀ ਕਿਉਂ...? *

* ਗੈਰ ਉਪਯੋਗੀ ਵਿਦਿਆ *

ਸਾਡੇ ਅੰਨ੍ਹੇ ਵਾਹ ਆਰਟਸ ਹੀ ਆਰਟਸ, ਬੀ.ਏ., ਐਮ.ਏ., ਬੀ.ਐਡ., ਐਮ.ਐਡ., ਜੇ. ਬੀ. ਟੀ., ਪੜ੍ਹਾਈ

ਗਏ। ਜ਼ਰਾ ਹੇਠਲੇ ਅੰਕੜੇ ਵੇਖੋ :

ਹਿੰਦੁਸਤਾਨ ਪਧਰ ਤੇ

ਕੁਲ ਕਾਲਜ ਜਾ ਰਹੇ ਵਿਦਿਆਰਥੀ = 30 ਲੱਖ

ਸ਼ੁਧ ਆਰਟਸ ਪੜ੍ਹ ਰਹੇ = 22 ਲੱਖ

ਇੰਜਨੀਅਰਿੰਗ, ਮੈਡੀਕਲ, ਐਗਰੀਕਲਚਰ ਅਦਿ ਤਕਨੀਕੀ ਗਿਆਨ ਪ੍ਰਾਪਤ ਕਰ ਰਹੇ ਵਿਦਿਆਰਥੀ (ਪ੍ਰੋਫੈਸ਼ਨਲ ਐਜੂਕੇਸ਼ਨ) = $1\frac{1}{4}$ ਲੱਖ (4ਫ਼ੀਸਦੀ)

.....................

ਹਾਈ/ਹਾਇਰ ਸਕੈਂਡਰੀ ਵਿਚ ਪੜ੍ਹ ਰਹੇ ਵਿਦਿਆਰਥੀ = ਖ

ਆਈ. ਟੀ. ਆਈ. ਵਰਗੀਆਂ ਸੰਸਥਾਵਾਂ ਵਿਚ ਗਿਆਨ ਪ੍ਰਾਪਤ ਕਰਨ ਵਾਲਿਆਂ ਦੀ ਗਿਣਤੀ = 2 ਲੱਖ (ਢਾਈ ਫੀ ਸਦੀ)।

ਸਾਡੇ ਦੇਸ਼ ਵਿਚ ਹਾਈ/ਹਾਇਰ ਸਕੈਂਡਰੀ ਸਕੂਲ ਤਾਂ ਬੇਸ਼ਕ 50 ਹਜ਼ਾਰ ਹਨ ਮਗਰ ਸਹੀ ਟੈਕਨੀਕਲ ਵਿਦਿਆ ਦੇਣ ਵਾਲੇ 1 ਹਜ਼ਾਰ ਸਕੂਲ ਵੀ ਨਹੀਂ।

.....................

ਪੰਜਾਬ ਪਧਰ ਤੇ :

ਹਾਈ/ਹਾਇਰ ਸਕੈਂਡਰੀ ਸਕੂਲਾਂ ਵਿਚ ਪੜ੍ਹ ਰਹੇ ਵਿਦਿਆਰਥੀ = 3 ਲੱਖ

ਆਈ. ਟੀ. ਆਈ. ਵਰਗੀਆਂ ਸੰਸਥਾਵਾਂ ਵਿਚ ਪੜ੍ਹ ਰਹੇ ਵਿਦਿਆਰਥੀ = 25 ਹਜ਼ਾਰ (4 ਫੀ ਸਦੀ)।

.....................

ਪੰਜਾਬ ਵਿਚ ਹਾਈ/ਹਾਇਰ ਸਕੈਂਡਰੀ ਸਕੂਲ ਤਾਂ 2000 ਤੋਂ ਵਧ ਹਨ ਮਗਰ ਸਹੀ ਟੈਕਨੀਕਲ ਵਿਦਿਆ ਦੇਣ ਵਾਲੀਆਂ 100 ਸੰਸਥਾਵਾਂ ਵੀ ਨਹੀਂ।

ਉਪਰਲੇ ਅੰਕੜਿਆਂ ਨੂੰ ਗ਼ੌਰ ਨਾਲ ਘੋਖਣ ਤੇ ਇਹ ਸੰਪਸ਼ਟ ਹੋ ਜਾਂਦਾ ਹੈ ਕਿ ਸਾਡੇ ਦੇਸ਼ ਵਿਚ 10 ਫੀਸਦੀ ਨੌਜਵਾਨਾਂ ਨੂੰ ਵੀ ਸਹੀ ਉਪਯੋਗੀ ਟੈਕਨੀਕਲ ਵਿਦਿਆ ਨਹੀਂ ਹੈ ਦਿਤੀ ਜਾ ਰਹੀ।

ਸਾਡੇ ਵਰਗੇ ਘਟ ਵਿਕਸਤ ਹੋਏ ਦੇਸ਼ ਵਾਸਤੇ 100 ਪੜ੍ਹਿਆਂ ਲਿਖਿਆਂ ਪਿਛੇ 9 ਟੈਕਨੀਕਲ ਵਿਦਿਆ ਪ੍ਰਾਪਤੀ ਵਾਲੇ ਹੋਣੇ ਚਾਹੀਦੇ ਹਨ ਮਗਰ ਇਥੇ ਹੈ ਬਿਲਕੁਲ ਉਲਟ ਰਿਹਾ ਹੈ। ਸਾਡੇ 100 ਵਿਚੋਂ 90 ਗ਼ੈਰ ਟੈਕਨੀਕਲ ਵਿਦਿਆ ਪ੍ਰਾਪਤੀ ਵਾਲੇ ਹੁੰਦੇ ਹਨ।

* ਚਰਾਸੀ ਦੇ ਚੱਕਰ ਵਿਚ...? *

ਸੋ ਜਿਥੇ 100 ਪੜ੍ਹਿਆਂ ਮਗਰ ਕੇਵਲ 10 ਆਰਟਸ ਪੜ੍ਹੇ ਹੀ ਕਾਫੀ ਹੋਣੇ ਸਨ, ਸਾਡੇ 91 ਜਣੇ ਆਰਟਸ ਪੜੀ ਗਏ। ਇਸ ਤਰ੍ਹਾਂ ਅਸੀਂ ਇਕ ਅਧਾ ਗੇੜ ਹੀ ਗਲਤ ਨਹੀਂ ਹਾਂ ਗਏ ਸਗੋਂ ਅਸੀਂ ਤਾਂ ਗੇੜੇ ਤੇ ਗੇੜਾ.....ਗੇੜੇ ਤੇ ਗੇੜਾ ਉਲਟਾ ਹੀ ਦਈ ਗਏ ਅੰਤ 84 ਦੇ ਚੱਕਰ ਵਿਚ ਫਸ ਗਏ। ਹੁਣ ਚੁਰਾਸੀ ਦੇ ਚੱਕਰਾਂ ਵਿਚ ਫਸੀਆਂ ਰੂਹਾਂ ਦੀ ਮੁਕਤੀ ਕਿਵੇਂ ਹੋਵੇਗੀ ? ਜਿਥੇ ਪਹਿਲਾਂ ਹੀ 1.69,00000 ਨੌਜਵਾਨ ਬੇਰੁਜ਼ਗਾਰੀ ਤੋਂ ਮੁਕਤੀ ਪ੍ਰਾਪਤ ਕਰਨ ਵਾਸਤੇ ਰੁਜਗਾਰ ਦਫਤਰਾਂ ਦੇ ਮੂਹਰੇ ਖੜੇ ਹੋਏ ਹੋਣ ਬੀ. ਏ. ਐਮ. ਏ. ਪਾਸ ਨੌਜਵਾਨਾ ਦੀ ਪਲਾਟੋ, ਅਰਿਸਟੋਟਲ, ਵਾਸਕੋਡੀਗਾਮਾ......ਕੋਈ ਵੀ ਤਾਂ ਆ ਕੇ ਬਾਂਹ ਨਹੀਂ ਹੈ ਫੜਦਾ।

* ਸਹੀ ਉਪਯੋਗੀ ਵਿਦਿਆ ਕਿਹੜੀ ਹੁੰਦੀ ਹੈ...? *

ਅਸੀਂ ਰੂਸ, ਚੀਨ ਵੀਤਨਾਮ, ਕਿਊਬਾ ਆਦਿ ਦੀਆਂ ਸਰਕਾਰੀ ਪੌਲਸੀਆਂ ਨਾਲ ਪੂਰਣ ਤੌਰ ਤੇ ਸਹਿਮਤ ਹੋਈਏ ਜਾਂ ਨਾਂ ਹੋਈਏ ਮਗਰ ਇਨ੍ਹਾਂ ਸਮਾਜ-ਵਾਦੀ ਦੇਸ਼ਾ ਵਲੋਂ ਉਠਾਏ ਗਏ ਚਾਰ-ਪੰਜ ਲੋਕ ਹਿਤੈਸ਼ੀ ਕਦਮਾਂ ਦੀ ਤਰੀਫ ਕੀਤਿਆਂ ਬਿਨਾ ਖਿਨਾ ਕਿਵੇਂ ਵੀ ਨਹੀਂ ਹੈ ਰਿਹਾ ਜਾ ਸਕਦਾਂ। ਜਨ ਸਧਾਰਨ ਲਈ ਬਣਾਏ ਗਏ ਸੰਗਮਰਮਰੀ ਸੈਨੇਟੋਰੀਅਮ (ਹਸਪਤਾਲ), ਅਕਾਸ਼-ਛੂਹਦੇ ਪਣ-ਬਿਜਲੀ ਡੈਮ, ਤੇਜ਼ ਰਫਤਾਰ ਚਲਣ ਵਾਲੀਆਂ ਅੰਡਰਗਰਾਊਂਡ ਰੇਲਾਂ ਅਤੇ ਸਾਫ ਸੁਥਰੇ ਰੇਲਵੇ ਸ਼ਟੇਸ਼ਨ (ਟਿਊਬ ਸ਼ਟੇਸ਼ਨ) ਸਾਰੇ ਅਵਾਮ ਲਈ ਬੁਢਾਪਾ-ਪੈਨਸ਼ਨ ਵਰਗੀਆਂ ਸਹੂਲਤਾਂ ਹਰ ਇਕ ਦੇ ਮਨ ਨੂੰ ਭਾਉਂਦੀਆਂ ਹਨ। ਅਤੇ ਜਿਸ ਚੀਜ਼ ਦੀ ਜਿਨੀ ਵੀ ਤਾਰੀਫ ਕੀਤੀ ਜਾ ਸਕੇ ਘਟ ਹੀ ਹੋਵੇਗੀ – ਉਹ ਹੈ ਸਮਾਜਵਾਦੀ ਦੇਸ਼ਾਂ ਵਿਚਲਾ 'ਵਿਦਿਅਕ-ਸਿਸਟਮ'।

* ਸਮਾਜਵਾਦੀ ਮੁਲਕਾਂ ਵਿਚ ਵਿਦਿਆ-ਪ੍ਰਨਾਲੀ *

ਸੁਰਹਿਦ ਲੇਖਕ, ਉੱਚਕੋਟੀ ਦੇ ਕਲਾਕਾਰ, ਬਲਰਾਜ ਸਾਹਨੀ ਆਪਣੇ ਰੂਸੀ ਸਫਰਨਾਮੇ (1965) ਵਿਚ ਲਿਖਦੇ ਹਨ :

ਅਠਵੀਂ ਪਾਸ ਕਰਨ ਤੀਕ ਬੱਚੇ ਮਾਂ-ਬਾਪ ਪਾਸ ਰਹਿੰਦੇ ਹਨ। ਅਠਵੀਂ ਤੀਕ ਦੇ ਸਲੇਬਸ ਵਿਚ ਕੇਵਲ ਪ੍ਰਾਂਤਕ ਭਾਸ਼ਾ ਵਿਚ ਹੀ ਸਾਰੇ ਮਜ਼ਮੂਨ ਪੜ੍ਹਾਏ ਜਾਂਦੇ ਹਨ। ਇਤਿਹਾਸਿਕ, ਆਰਥਿਕ ਅਤੇ ਸਮਾਜਿਕ ਪਹਿਲੂ ਵੀ ਮੁੱਖ ਤੌਰ ਤੇ ਬਚੇ ਦੇ ਆਪਣੇ ਪ੍ਰਾਂਤ ਬਾਬਤ ਹੀ ਦਸੇ ਜਾਂਦੇ ਹਨ। ਬੇ-ਮਤਲਬ, ਦੇਸ਼ਾਂ-ਬਦੇਸ਼ਾਂ ਦੇ ਇਤਿਹਾਸ ਪੜ੍ਹਾਉਣ ਦੀ ਕੋਸ਼ਿਸ਼, ਪ੍ਰਾਇਮਰੀ ਅਤੇ ਮਿਡਲ ਲੈਵਿਲ ਵਿਚ, ਨਹੀਂ ਕੀਤੀ ਜਾਂਦੀ। ਨਿਸ਼ਾਨਾ ਇਹ ਹੁੰਦਾ ਹੈ ਕਿ ਬੱਚਾ ਹਿੰਦੋਸਤਾਨ ਦੇ ਮੁਹੰਮਦ ਤੁਗ਼ਲਕ, ਚੀਨ ਦੇ ਹਿਊਗਸਾਂਗ, ਅਮਰੀਕਾ ਦੇ ਪ੍ਰਧਾਨ ਲਿੰਕਨ ਦੀ ਲੜਾਕੂ ਪਤਨੀ ਟੌਡ ਬਾਬਤ ਬੇਸ਼ਕ ਨਾ ਜਾਣ ਸਕੇ ਮਗਰ ਉਸਨੂੰ ਉਸਦੇ ਆਪਣੇ ਸੂਬੇ ਉਜ਼ੇਬਕਸਤਾਨ, ਤਾਜ਼ਿਕਸਤਾਨ ਦੇ ਨਦੀਆਂ-ਨਾਲਿਆਂ ਬਾਬਤ, ਸਮੁੰਦਰਾਂ-ਪਹਾੜਾਂ ਬਾਬਤ, ਖੱਡਾਂ-ਗੁਫਾਵਾ ਬਾਬਤ, ਖੇਤੀ ਬਾੜੀ ਅਤੇ ਕਾਰਖਾਨਿਆਂ ਬਾਬਤ, ਕੌਮੀ ਸ਼ਹੀਦਾਂ ਬਾਬਤ ਗੋਰਕੀ-ਲੈਨਿਨ ਬਾਬਤ,

ਮੁੜੇ ਦੀ ਬੋਲੀ-ਸਭਿਆਚਾਰ ਬਾਬਤ ਵਧ ਤੋਂ ਵਧ ਗਿਆਨ ਜ਼ਰੂਰ ਹੋਣਾ ਚਾਹੀਦਾ ਹੈ।

ਅਠਵੀਂ ਪਾਸ ਕਰਨ ਮਗਰੋਂ ਜਦੋਂ ਬੱਚਾ 13-14 ਸਾਲਾਂ ਦਾ ਹੋ ਜਾਂਦਾ ਹੈ...ਆਪਣਾ ਆਪ ਸੰਭਾਲਣ ਜੋਗ ਹੋ ਜਾਂਦਾ ਹੈ ਤਾਂ ਉਸਨੂੰ ਉਸਦੀ ਰੁਚੀ ਮੁਤਾਬਕ ਕਿਸੇ ਇਕ ਕਿਤੇ ਬਾਬਤ ਪੂਰਣ-ਵਿਦਿਆ ਦਿਤੀ ਜਾਂਦੀ ਹੈ। ਹਾਇਰ ਸਕੈਂਡਰੀ ਦੇ ਤਿੰਨ ਸਾਲਾਂ ਕੋਰਸ ਵਿਚ ਕਿਸੇ ਇਕ ਟਰੇਡ ਵਿਚ ਬੱਚੇ ਨੂੰ ਪੂਰੀ ਮਾਸਟਰੀ ਕਰਨ ਦਾ ਮੌਕਾ ਦਿਤਾ ਜਾਂਦਾ ਹੈ [ਇਹ ਕਿਤੇ ਹੁੰਦੇ ਹਨ :— ਟਾਂਕੇ ਲਗਾਉਣਾ, ਵੈਲਡਿੰਗ, ਗੈਸ ਵੈਲਡਿੰਗ, ਅਲੈਕਟ੍ਰਿਕ ਵੈਲਡਿੰਗ, ਬਰਾਸ ਸੋਲਡਰਿੰਗ, ਮੋਟਰ ਮਕੈਨਕੀ, ਟਰੈਕ-ਟਰ ਡਰਾਇਵਰੀ, ਟਰੱਕ ਕਲੀਨਰੀ' ਨਕਸ਼ਾ ਨਵੀਸੀ, ਟਰੇਸਿੰਗ, ਪਟਵਾਰ, ਸਰਵੇਂਗ, ਆਰਕੀਟੈਕਟ, ਇਮਾਰਤ ਸਾਜ਼ੀ, ਪਲੰਬਿੰਗ, ਲੁਹਾਰਾ-ਤਰਖਾਣਾ, ਫੋਉਂਡਰੀ, ਸਮਿੱਥੀ, ਫਿਟਿੰਗ, ਖੇਤੀਬਾੜੀ ਸੰਦ, ਖੇਤੀਬਾੜੀ ਜ਼ਮੀਨੀ ਪਰਖ, ਟੈਲੀਪ੍ਰਿੰਟਰ, ਵਾਇਰਲੈਸ, ਅਲੈਕਟਰੋਨਿਕਸ, ਸੈਲ ਬਨਾਉਣੇ, ਬੈਟਰੀਆਂ ਚਾਰਜ ਕਰਨੀਆਂ, ਟਾਇਰ ਟਰੈਡਿੰਗ, ਖਰਾਦ, ਬਾਰ ਬਾਈਡਿੰਗ, ਨਰਸਿੰਗ, ਕੰਮਪਾਊਡਰੀ, ਵੈਦਗੀਰੀ, ਕੈਮਿਸਟ, ਕਾਗਜ਼ ਗੱਤਾ, ਪਲਾਈਵੁਡ, ਮੋਮ-ਬੱਤੀਆਂ, ਫਰਨੀਚਰ ਬਨਾਉਣਾ, ਕਮਰੇ-ਸਜਾਵਟੀ, ਸਾਬਣ, ਖੁਸ਼ਬੂਦਾਰ ਤੇਲ, ਰੰਗ-ਰੋਗਨ, ਮਿੱਠਾ-ਸੋਡਾ ਨੀਲਾ,-ਥੋਥਾ, ਟੁੱਥ ਪੇਸਟ, ਫਲ-ਫਰੂਟ ਸੰਭਾਲਣਾ, ਸਬਜ਼ੀਆਂ ਡੱਬਾ-ਬੰਦ ਕਰਨ, ਸਬਜ਼ੀਆਂ ਬੀਜਨ, ਬਾਗਬਾਨੀ, ਫੁੱਲ-ਬੀਜਣ, ਲਿਫਾਫੇ ਬਨਾਉਣਾ, ਗੱਤੇ ਦੇ ਡੱਬੇ ਬਨਾਉਣਾ, ਕੁਰਸੀਆਂ ਬੁਨਣਾਂ, ਦਰੀਆਂ ਉਨਣਾ, ਕਸ਼ੀਦਾਕਾਰੀ, ਰਫੂਗਿਰੀ, ਫੋਟੋਗਰਾਫੀ, ਬਲੂਯਪ੍ਰਿੰਟਿੰਗ ਸਿਨਮੈਟੋਗਰਾਫੀ, ਡਰਾਮਾਕਲਾ, ਪਤਰ-ਕਾਰੀ, ਸੰਗੀਤ ਵਿਦਿਆ, ਇਨਸਟ੍ਰੁਮੈਨਟੇਸ਼ਨ, ਭੇਡਾਂ, ਬੱਕਰੀਆਂ, ਮਹੀਆਂ ਪਾਲਣਾ, ਡੇਰੀ ਇੰਨਜੀਨੰਰਿੰਗ, ਮੱਛੀ ਪਾਲਨਾ, ਪੋਲਟਰੀ, ਸੂਰ ਪਾਲਣਾ, ਕਰੌਸਬਰੀਡਿੰਗ ਆਫ ਕਉਜ਼, ਰਬੜ ਦੇ ਖਿਲੌਣੇ ਬਨਾਉਣਾ, ਰੁਮਾਲ, ਫਰਾਕਾਂ, ਬੂਟ-ਜੁਰਾਬਾਂ ।ਦਸਤਾਨੇ, ਸਵੈਟਰ ਬਨਾਉਣਾ, ਮੋਟਰ-ਵਾਂਈਡਿੰਗ, ਟਿਊਬਵੈਲ ਬੋਰਿੰਗ, ਕੋਨਸਟਰਕਸ ਮਸ਼ੀਨਰੀ ਬਾਬਤ, ਕਤਣਾ, ਬੁਨਣਾ, ਸਿਲਾਈ-ਕਢਾਈ, ਸਟੈਨੋਗਰਾਫੀ, ਟਾਈਪਿੰਗ, ਪੇਂਟਿੰਗ, ਸਕਲਪਚਰ (ਬੁੱਤ-ਤਰਾਸ਼ੀ) ਹੋਟਲੀਅਰ ਸਟਿਸ, ਘੜੀਆਂ ਮੁਰੰਮਤ, ਸਾਈਕਲ, ਪੱਖੇ, ਮਸ਼ੀਨਾ ਮੁਰੰਮਤ ਕਰਨੀਆ ਆਦਿ 2]

* ਪੜ੍ਹਾਈ ਦਾ ਖਰਚਾ *

ਇਸ ਤਿੰਨ ਸਾਲੇ ਕਿਤਾ — ਕੋਰਸ ਦਾ ਤਮਾਮ ਖਰਚਾ ਸਰਕਾਰ ਆਪਣੇ ਪਲਿਉਂ ਕਰਦੀ ਹੈ। ਵਿਦਿ-ਆਰਥੀਆਂ ਨੂੰ ਹੋਸਟਲਾਂ ਵਿਚ ਰਹਾਇਸ਼ ਹੀ ਮੁਫਤ ਨਹੀਂ ਹੁੰਦੀ ਸਗੋਂ ਰੋਟੀ ਦਾ ਸਾਰਾ ਖਰਚਾ ਵੀ ਸਰਕਾਰ ਵਲੋਂ ਦਿਤਾ ਜਾਂਦਾ ਹੈ। ਫੀਸਾਂ ਆਦਿ ਤਾਂ ਕੋਈ ਹੁੰਦੀਆਂ ਹੀ ਨਹੀਂ । ਕਾਪੀਆਂ-ਕਿਤਾਬਾਂ-ਪੈਨਸਲਾਂ-ਰੰਗ ਸਭ ਕਾਲਜੋਂ ਮੁਫਤ ਮਿਲਦੇ ਹਨ। ਬੱਚਿਆਂ ਦੇ ਘੁਮਣ-ਫਿਰਨ ਲਈ ਸਕੂਲਾਂ ਦੀਆਂ ਆਪਣੀਆਂ ਹੀ ਬੱਸਾਂ ਹੁੰਦੀਆਂ ਹਨ। ਜੇਬ੍ਹ-ਖਰਚੇ ਲਈ ਵੀ ਸਰਕਾਰ ਵਲੋਂ 30 ਰੁਪਏ ਦੇ ਕਰੀਬ ਮਹਾਵਾਰ (1965) ਦਿਤੇ ਜਾਂਦੇ ਹਨ !

ਇਹ ਕੋਰਸ ਪੂਰਾ ਕਰਨ ਤੇ ਲੜਕਾ 16-18 ਸਾਲ ਦਾ ਹੋ ਜਾਂਦਾ ਹੈ। ਅਗਰ ਉਹ ਹੋਰ ਅਗੇ ਪੜ੍ਹਨਾ ਚਾਹੇ ਤਾਂ ਹਾਇਰ ਸਟੱਡੀ ਵਾਸਤੇ ਕਿਸੇ ਯੂਨੀਵਰਸਿਟੀ ਦਾਖਲ ਹੋ ਸਕਦਾ ਹੈ। ਅਗਰ ਅਗੇ ਨਾ ਪੜ੍ਹਨਾ ਚਾਹੇ ਤਾਂ ਸਰਕਾਰ ਵਲੋਂ ਉਨ੍ਹਾਂ ਲਈ ਨੌਕਰੀਆਂ ਦਾ ਪ੍ਰਬੰਧ ਕੀਤਾ ਜਾਂਦਾ ਹੈ। ਜਦੋਂ ਉਹ ਨੌਕਰੀ 'ਤੇ ਲਗ ਜਾਂਦੇ ਹਨ ਤਾਂ ਸਰਕਾਰ ਉਨ੍ਹਾਂ ਦੀਆਂ ਤਨਖਾਹਾਂ ਵਿਚ 5 ਫੀ ਸੰਦੀ ਹਮੇਸ਼ਾਂ ਲਈ ਕਟਦੀ ਰਹਿੰਦੀ ਹੈ ਤਾਂ ਜੁ ਉਨ੍ਹਾਂ ਉਪਰ ਕੀਤਾ ਗਿਆ ਖਰਚਾ ਵਾਪਸ ਲੈ ਕੇ ਭਵਿਖ ਵਿਚ ਉਨ੍ਹਾਂ ਦੇ ਛੋਟੇ-ਭੈਣ ਭਰਾਵਾਂ ਉਪਰ ਵੀ ਖਰਚਿਆਂ ਜਾ ਸਕੇ......!! ਹਾਇਰ ਸਕੈਂਡਰੀ ਵਿਦਿਆ ਦੁਰਾਨ ਹੀ ਵਿਦਿਆਰਥੀਆਂ ਨੂੰ ਦੁਨੀਆਂ ਦੇ ਇਤਿਹਾਸ ਬਾਰੇ ਆਮ ਤੌਰ ਤੇ (ਸੰਖੇਪ ਵਿਚ) ਅਤੇ ਰੂਸ ਦੇ ਇਤਿਹਾਸਕ ਆਰਥਕ, ਸਮਾਜਕ, ਸਿਆਸੀ ਹਾਲਤਾਂ ਬਾਬਤ ਖਾਸ ਤੌਰ ਤੇ, ਕਿੱਤਾ-ਵਿਦਿਆ ਦੇ ਨਾਲ-ਨਾਲ ਹੀ ਦਸਿਆ ਜਾਂਦਾ ਹੈ। ਇਸੇ ਸਟੇਜ ਤੇ ਉਨ੍ਹਾਂ ਨੂੰ ਪ੍ਰਾਂਤਕ ਭਾਸ਼ਾ ਦੇ ਨਾਲ ਕੌਮੀ ਭਾਸ਼ਾ ਵੀ ਸਿਖਾਈ ਜਾਂਦੀ ਹੈ। ਬਦੇਸ਼ੀ ਭਾਸ਼ਾਵਾਂ ਅਤੇ ਬਦੇਸ਼ੀ ਇਤਿਹਾਸਕ, ਆਰਥਕ, ਭੂਗੋਲਕ, ਸਾਇੰਸੀ ਸੰਸਕ੍ਰਿਤਕ, ਕਲਚਰਲ ਵਿਸ਼ਿਆਂ ਬਾਬਤ, ਵਿਸਤਾਰ ਪੂਰਵਕ, ਕੇਵਲ ਯੂਨੀਵਰਸਿਟੀ ਪਧਰ ਤੇ ਹੀ ਪੜ੍ਹਾਇਆ ਜਾਂਦਾ ਹੈ !

* ਨਤੀਜੇ *

ਪਰੋਡਕਸ਼ਨ-ਓਰੀਐਂਨਟਿਡ (ਪੈਦਾਵਾਰ-ਕੇਂਦ੍ਰਤ ਵਿਦਿਆ ਸਦਕਾ ਬੇਰੁਜਗਾਰੀ ਹੀ ਅਲੋਪ ਨਹੀਂ ਹੋ ਜਾਂਦੀ ਸਗੋਂ ਪੈਦਾਵਾਰ ਵਿਚ ਦਿਨੇ ਦੁਗਣੀ-ਰਾਤ ਚੌਗਣੀ ਵਾਧਾ ਹੁੰਦਾ ਹੈ...? ਕੌਮ ਖੁਸ਼ਹਾਲ ਹੁੰਦੀ ਹੈ, ਮੁਲਕ ਤਰੱਕੀ ਕਰਦਾ ਹੈ। ਵਿਦਿਆਰਥੀ ਮਾਂ ਬਾਪ ਤੇ ਬੋਝ ਵੀ ਨਹੀਂ ਬਣਦੇ। ਰੁਜ਼ਗਾਰ ਦੀ ਤਲਾਸ਼ ਵਿਚ ਉਨ੍ਹਾਂ ਨੂੰ 'ਬੇਕਾਰ-ਦਫਤਰਾਂ' ਦੇ ਚੱਕਰ ਵੀ ਨਹੀਂ ਕਟਣੇ ਪੈਂਦੇ। ਸਿਫਾਰਸ਼ਾਂ-ਵੱਢੀਆਂ ਦੀ ਨੌਬਤ ਹੀ ਨਹੀਂ ਆਉਂਦੀ। ਕਿਸੇ ਇਕ ਹੁਨਰ ਵਿਚ ਮਹਾਰਤ (ਮਾਸਟਰੀ)ਹੋਣ ਕਾਰਣ, ਨੌਜਵਾਨਾਂ ਵਿਚ ਕੁਝ ਕਰਨ ਦੀ ਤਾਂਘ ਹੁੰਦੀ ਹੈ...ਕੁਝ ਪੁਰਾਣਾ ਮੁਰੰਮਤ ਕਰਨ ਦੀ ਤਾਂਘ ਕੁਝ ਨਵਾਂ

ਉਸਾਰਨ ਦੀ ਤਾਂਘ...ਇਸ ਤਰ੍ਹਾਂ ਉਥੋਂ ਦੇ ਨੌਜਵਾਨਾਂ ਵਿਚ ਫਰੱਸਟਰੇਸ਼ਨ (ਮਾਯੂਸੀ) ਨਹੀਂ ਪੈਂਦਾ ਹੁੰਦੀ।

ਅਜ ਹਰ ਹਿੰਦੋਸਤਾਨੀ ਪਰੀਵਾਰ ਵਿਚ ਧੀ-ਭੈਣ ਦੀ ਸ਼ਾਦੀ ਕਰਨਾ ਇਕ ਸਮੱਸਿਆ ਬਣੀ ਹੋਈ ਹੈ। ਕਿਉਂਕਿ ਲੜਕੀਆਂ ਵਾਸਤੇ ਯੋਗ ਬਰਸਰੇ-ਰੁਜ਼ਗਾਰ ਲੜਕੇ ਨਹੀਂ ਹਨ ਮਿਲਦੇ! ਘਟ ਨੌਕਰੀ ਸ਼ੁਦਾ ਲੜਕੇ ਹੋਣ ਕਾਰਨ, ਜੋ ਨੌਕਰੀਆਂ ਤੇ ਲਗੇ ਹੁੰਦੇ ਹਨ – ਉਨ੍ਹਾਂ ਦੀ ਡਿਮਾਂਡ ਵਧ ਜਾਂਦੀ ਹੈ......ਲੜਕੇ ਵਾਲੇ ਲਾਲਚੀ ਪਰਵਾਰ ਹੁੱਜਤਾਂ ਕਰਨ ਲਗ ਪੈਂਦੇ ਹਨ......ਮਾਂ-ਬਾਪ, ਭੈਣ-ਭਰਾ, ਧੀ-ਭੈਣ ਲਈ ਯੋਗ ਅਤੇ ਸਾਊ ਲੜਕਾ ਲਭਣ ਲਈ ਮਾਰੇ-ਮਾਰੇ ਫਿਰਦੇ ਹਨ......ਧੀਆਂ-ਭੈਣਾਂ ਅੱਖਾਂ ਸਾਹਮਣੇ ਜਵਾਨ ਹੋ ਕੇ, ਮੁਰਝਾਉਣ ਲਗ ਪੈਂਦੀਆਂ ਹਨ। ਕਾਲੇ ਵਾਲਾਂ ਵਿਚ ਧੌਲਿਆਂ ਦੀ ਗਿਣਤੀ ਵਧਣ ਲਗਦੀ ਹੈ ਪਰ ਮਾਯੂਸ ਮਾਂ-ਬਾਪ ਦੀ ਕੋਈ ਪੇਸ਼ ਨਹੀਂ ਜਾਂਦੀ...? ਕਾਰਨ...?

ਕਾਰਨ ਇਕੋ ਹੀ ਹੁੰਦਾ ਹੈ – ਬੇਰੁਜ਼ਗਾਰੀ! ਖਾਸ ਤੌਰ ਤੇ ਲੜਕਿਆਂ ਵਿਚ ਫੈਲੀ ਹੋਈ ਭਿਆਨਕ ਬੇਰੁਜ਼ਗਾਰੀ।'

ਪਰ ਸੋਸ਼ਲਿਸਟ ਦੇਸ਼ਾਂ ਵਿਚ ਕਿਸੇ ਬਾਪ ਦੀਆਂ ਨਜ਼ਰਾਂ ਸਾਹਮਣੇ ਉਸ ਦੀ ਧੀ ਦੇ ਵਾਲ ਚਿੱਟੇ ਹੋ ਜਾਣ ਦੀ ਨੌਬਤ ਨਹੀਂ ਆਉਂਦੀ...ਕਿਸੇ ਵੀਰ ਨੂੰ ਭੈਣ ਲਈ ਸੁਹਾਗ ਲਭਣ ਖ਼ਾਤਰ ਟੱਕੇ-ਟੱਕੇ ਦੇ ਲੋਕਾਂ ਦੀਆਂ ਹੁੱਜਤਾਂ ਬਰਦਾਸ਼ਤ ਨਹੀਂ ਹਨ ਕਰਨੀਆ ਪੈਂਦੀਆਂ...ਦਾਜ ਦੇ ਲਾਲਚੀਆਂ ਹਥੋਂ ਤੰਗ ਆ ਕੇ ਕਿਸੇ ਧੀ-ਭੈਣ ਨੂੰ ਆਤਮ ਘਾਤ ਨਹੀਂ ਕਰਨਾ ਪੈਂਦਾ...ਉਥੇ ਕਦੇ ਸਟੋਪ ਨਹੀਂ ਫਟਦੇ – ਅਜਿਹੇ ਸਟੋਪ ਜੋ, ਫਟਨ ਵਕਤ ਕੇਵਲ ਘਰ ਦੀ ਨੂੰਹ ਨੂੰ ਹੀ ਜਲਾ ਮਾਰਦੇ ਹੋਣ...।

ਸਾਡੀ ਸਰਕਾਰ ਕਿੱਤਾ-ਵਿਦ੍ਹਿਆ ਵਲ ਧਿਆਨ ਕਿਉਂ ਨਹੀਂ ਹੈ ਦਿੰਦੀ?

ਗਰੀਬੀ ਹਟਾਊ ਸਰਕਾਰ, ਹਿੰਦੋਸਤਾਨੀ ਲੋਕਾਂ ਦੀ ਮੁੱਢਲੀ ਜ਼ਰੂਰਤ ਵਿਦਿਆ ਬਾਬਤ ਕਿਨੀ ਕੁ ਗੰਭੀਰ ਹੈ — ਉਹ ਹੇਠਲਿਆਂ ਅੰਕੜਿਆਂ ਤੋਂ ਸਪਸ਼ਟ ਹੋ ਜਾਵੇਗਾ...।

ਅਜ਼ਾਦੀ ਤੋਂ ਮਗਰੋਂ, ਕਿਸ ਕਿਸ ਨੇਤਾ ਨੇ ਕਿਨੀ-ਕਿਨੀ ਵੇਰ੍ਹਾਂ ਵਿਦਿਅਕ ਢਾਂਚੇ ਨੂੰ ਬਦਲਨ ਵਾਸਤੇ ਕਿਹਾ :—

| | |
|---|---|
| ਭਾਰਤ ਦੇ ਤਮਾਮ ਰਾਸ਼ਟਰਪਤੀਆਂ। | |
| ਅਤੇ ਉਪ ਰਾਸ਼ਟਰਪਤੀਆਂ | 760 ਵੇਰ੍ਹਾਂ |
| ਦੇਸ਼ ਦੇ ਤਿੰਨਾਂ ਸਾਬਕਾ ਕਾਂਗਰਸੀ ਪਧਾਨ-ਮੰਤਰੀਆਂ | 500 ਵੇਰ੍ਹਾਂ |
| ਕੰਮ ਚਲਾਊ ਕਾਂਗਰਸੀ-ਪ੍ਰਧਾਨ ਮੰਤਰੀ ਨੇ | 3 ਵੇਰ੍ਹਾਂ |
| ਮੁਰਾਰਜੀ ਡੀਸਾਈ | 30 ਵੇਰ੍ਹਾਂ |
| ਚੌਧਰੀ ਚਰਨ ਸਿੰਘ | 7 ਵੇਰ੍ਹਾਂ |
| ਪੰਜਾਂ ਉਪ-ਪ੍ਰਧਾਨ ਮੰਤਰੀਆਂ | 25 ਵੇਰ੍ਹਾਂ |
| ਕੇਂਦਰੀ ਵਿੱਦਿਆ ਮੰਤਰੀਆਂ | 2100 ਵੇਰ੍ਹਾਂ |
| ਹੋਰ ਕੈਬਨਟ ਮੰਤਰੀਆਂ | 7400 ਵੇਰ੍ਹਾਂ |
| ਮੁੱਖ-ਮੰਤਰੀਆਂ, ਗਵਰਨਰਾਂ ਮੁੱਖ-ਸਕੱਤਰਾਂ, ਉਪ ਸਕੱਤਰਾਂ ਆਦਿ 2 | |
| (34 ਸਾਲਾਂ ਦੁਰਾਨ) ਕੁੱਲ | 10815 ਵੇਰ੍ਹਾਂ |

ਨੋਟ : ਇਨ੍ਹਾਂ ਵਿਚੋਂ ਬਹੁਤੇ ਅੰਕੜੇ ਸੰਨ 1972 ਤੀਕ ਦੇ ਹੀ ਹਨ। ਇਹ ਅੰਕੜੇ 2-3 ਪੰਜਾਬੀ ਰਸਾਲਿਆਂ ਵਿਚ ਵੀ 73-74 ਦੁਰਾਨ ਛਪੇ ਸਨ। ਵਖ-ਵਖ ਅਖਬਾਰਾਂ ਦੇ ਅਧਾਰ ਤੇ ਬੰਗਾਲ ਦੇ ਇਕ ਰਿਸਰਚ (ਪੀ.ਐਚ.ਡੀ. ਦੇ ਵਿਦਿਆਰਥੀ) ਨੇ ਇਹ ਅੰਕੜੇ ਸਭ ਤੋਂ ਪਹਿਲਾਂ ਤਿਆਰ ਕੀਤੇ ਸਨ।

ਉਪਰੋਕਤ ਅੰਕੜਿਆਂ ਮੁਤਾਬਕ ਇਹ ਸ਼ਪਸ਼ਟ ਹੋ ਜਾਂਦਾ ਹੈ ਕਿ ਇਸ ਸਿਸਟਮ ਨੂੰ ਬਦਲਨ ਵਾਸਤੇ ਭਾਵੇਂ ਸਾਡੇ ਮੰਤਰੀਆਂ-ਮੁੱਖ-ਮੰਤਰੀਆਂ-ਪ੍ਰਧਾਨ-ਮੰਤਰੀਆਂ ਆਦਿ ਨੇ ਗਿਆਰਾਂ ਹਜ਼ਾਰ ਤੋਂ ਵੀ ਵਧ ਵੇਰ੍ਹਾਂ ਕਿਹਾ ਹੈ ਪਰ ਪਰਨਾਲਾ ਉਥੇ ਦਾ ਉਥੇ ਹੀ ਰਿਹਾ ਹੈ।

* ਵਿਦਿਆ ਵਿਚਾਰੀ ਪਰ ਬੇਸਹਾਰੀ...? *

ਵਿਦਿਆਂ ਵਰਗੇ ਮਹਿਕਮੇ ਨੂੰ ਸਰਕਾਰ ਵਲੋਂ ਸਭ ਤੋਂ ਵਧ ਪਛਾੜਿਆ ਜਾ ਰਿਹਾ ਹੈ। ਕਿਉਂਕਿ ਮੰਤਰੀਆਂ, ਮੁਖ ਮੰਤਰੀਆਂ (ਸਮੇਤ ਸ਼੍ਰੀਮਤੀ ਗਾਂਧੀ) ਦੇ ਆਪਣੇ ਬੱਚੇ ਤਾਂ ਦੂਨ ਸਕੂਲ (ਡੇਹਰਾਦੂਨ), ਵਿਸ਼ਵਕਾਟੇਜ (ਸ਼ਿਮਲਾ), ਸਨਾਵਰ ਸਕੂਲ (ਕਸੌਲੀ), ਯਾਦਵਿੰਦਰਾ ਪਬਲਿਕ ਸਕੂਲ (ਪਟਿਆਲਾ) ਵਰਗੇ ਅੰਗਰੇਜ਼ੀ ਸਕੂਲਾਂ ਵਿਚ ਪੜ੍ਹਦੇ ਹਨ। ਉੱਚ ਅਫ਼ਸਰਸ਼ਾਹੀ ਵੀ ਆਪਣੇ ਬੱਚਿਆਂ ਨੂੰ ਅਜਿਹੀਆਂ ਹੀ ਕਾਨਵੈਂਟਾਂ ਵਿਚ ਭੇਜਦੀ ਹੈ। ਜਿਥੇ ਹਜ਼ਾਰ ਰੁਪਏ ਮਹੀਨਾ ਬੱਚੇ ਦਾ ਖ਼ਰਚ ਆਉਂਦਾ ਹੈ। ਇਥੇ ਇਹ ਵੀ ਯਾਦ ਰਖਿਆ ਜਾਵੇ ਜਨ-ਸਾਧਾਰਣ ਦੇ ਬੱਚਿਆਂ ਉਪਰ ਸਰਕਾਰ ਇਕ ਆਨਾ ਰੋਜ਼ ਦਾ ਖ਼ਰਚਣ ਲਗਿਆਂ ਵੀ ਪਿੱਟਦੀ ਹੈ ਜੋ ਹੇਠ ਲਿਖਿਆਂ ਅੰਕੜਿਆਂ ਤੋਂ ਪ੍ਰਤੱਖ ਹੋ ਜਾਵੇਗਾ —

ਹਿੰਦੁਸਤਾਨ ਭਰ ਦੇ ਸਾਢੇ 6 ਲੱਖ ਸਕੂਲਾਂ, ਸਾਢੇ 4 ਹਜ਼ਾਰ ਕਾਲਜਾਂ, 106 ਯੂਨੀਵਰਸਿਟੀਆਂ ਵਿਚ ਪੜ੍ਹ ਰਹੇ ਦਸ ਕਰੋੜ ਵਿਦਿਆਰਥੀਆਂ ਦੀ ਖ਼ਾਸ ਬੇਹਤਰੀ ਵਾਸਤੇ 1974-78 ਦੇ ਚਾਰ ਸਾਲਾਂ ਦੁਰਾਨ ਕੀਤਾ ਗਿਆ ਖ਼ਰਚਾ 799 ਕਰੋੜ ਬਣਦਾ ਹੈ ਜਦੋਂ ਚਾਰ-ਹਫ਼ਤਿਆਂ ਦੀਆਂ ਹੋਣ ਵਾਲੀਆਂ ਏਸ਼ੀਆਈ ਖੇਡਾਂ ਉਪਰ ਹੀ 800 ਕਰੋੜ ਤੋਂ ਵਧ ਖ਼ਰਚਾ ਕੀਤਾ ਜਾ ਰਿਹਾ ਹੈ।

ਇਹ ਖੇਡਾਂ ਵੇਖਣ ਵਾਲਿਆਂ ਵਿਚ 75 ਫ਼ੀ ਸਦੀ ਹਿੰਦੁਸਤਾਨ ਦੇ ਲੱਖਪਤੀ ਹੀ ਹੋਣਗੇ। ਅਗਰ ਇਹ 800 ਕਰੋੜ ਖਿਡਾਰੀਆਂ ਜਾਂ ਖੇਡਾਂ ਤੇ ਹੀ ਖ਼ਰਚ ਕਰ ਦਿਤਾ ਜਾਂਦਾ ਤਾਂ ਸਾਨੂੰ ਕੋਈ ਦੁਖ ਨਾ ਹੁੰਦਾ, ਇਹਨਾਂ ਖੇਡਾਂ ਦਾ ਬਜਟ ਜਨਤਾ ਪਾਰਟੀ ਦੇ ਰਾਜ ਦੌਰਾਨ ਸਿਰਫ਼ 20 ਕਰੋੜ ਦਾ ਸੀ। ਸੱਚ ਪੁਛੋ ਤਾਂ ਖਿਡਾਰੀਆਂ ਤੇ ਸਹੀ ਮਾਇਨਿਆਂ ਵਿਚ 8 ਕਰੋੜ ਵੀ ਖ਼ਰਚ ਨਹੀਂ ਹੋਣਾ। ਸਾਡੇ ਪ੍ਰਧਾਨ ਮੰਤਰੀ ਜੀ ਦੀ ਹਾਜ਼ਰੀ ਵਿਚ ਹੀ, ਸ਼ੁਕਲਾ ਸਾਹਿਬ ਨੇ ਬਜਟ 20 ਕਰੋੜ ਤੋਂ ਵਧਾ ਕੇ 800 ਕਰੋੜ ਦਾ ਕੀਤਾ ਸੀ। ਹੁਣ ਇਸੇ ਖ਼ਰਚੇ ਵਿੱਚੋਂ 16 ਵਡੇ ਵਡੇ ਹੋਟਲ ਵੀ ਦਿੱਲੀ ਵਿਚ ਉਸਾਰੇ ਜਾ ਰਹੇ ਹਨ...?

ਜ਼ਰਾ ਬੱਜਟ ਵਿਚ ਦਸ ਕਰੋੜ ਵਿਦਿਆਰਥੀਆਂ ਖ਼ਾਤਰ ਰਖੀ ਗਈ ਵਿਸ਼ੇਸ਼ ਗੁੰਜਾਇਸ਼ ਵਲ ਵੀ ਝਾਤੀ ਮਾਰ ਲਓ।

ਸਾਲ 1974-78

| | |
|---|---|
| ਗੁੰਜਾਇਸ਼ ਜੋ ਰਖੀ ਗਈ | 257 ਕਰੋੜ ਪ੍ਰਤੀ ਸਾਲ |
| ਅਸਲ ਵਿਚ ਜੋ ਖ਼ਰਚਿਆ ਗਿਆ | 200 ਕਰੋੜ ਪ੍ਰਤੀ ਸਾਲ |

200 ਕਰੋੜ ਪ੍ਰਤੀ ਸਾਲ ਦੇ ਹਿਸਾਬ ਦਸ ਕਰੋੜ ਵਿਦਿਆਰਥੀਆਂ ਦੇ ਹਿੱਸੇ 20 ਰੁਪਏ ਸਾਲਾਨਾ ਪ੍ਰਤੀ ਵਿਦਿਆਰਥੀ ਆਉਂਦਾ ਹੈ, ਜਿਹੜਾ ਪੰਜ ਪੈਸੇ ਪ੍ਰਤੀ ਵਿਦਿਆਰਥੀ ਪ੍ਰਤੀ ਦਿਨ ਬੈਠਦਾ ਹੈ। ਡੀਂਗਾਂ ਭਾਵੇਂ ਆਕਾਸ਼ ਵਿਚ 'ਆਰੀਆਭੱਟ' ਉਪ-ਗ੍ਰਹਿ ਛੱਡਣ ਦੀਆਂ ਮਾਰੀਏ ਪਰ ਆਪਣੇ ਵਿਦਿਆਰਥੀਆਂ ਲਈ ਵਿਦਿਆ ਅਸੀਂ ਇਕ ਪੰਜੀ ਪ੍ਰਤੀ ਵਿਦਿਆਰਥੀ ਹੀ ਖ਼ਰਚ ਸਕਦੇ ਹਾਂ। ਸਾਡੇ ਦੇਸ਼ ਵਿਚ ਸੱਤਾਂ ਹਿੰਦੁਸਤਾਨੀਆਂ ਮਗਰ ਇਕ ਬੱਚਾ ਪੜ੍ਹਦਾ ਹੈ ਅਤੇ ਸੱਤ ਹਿੰਦੁਸਤਾਨੀ ਘਟੋ ਘੱਟ ਇਕ ਹਜ਼ਾਰ ਰੁਪਿਆ ਸਾਲਾਨਾ ਟੈਕਸ ਦਿੰਦੇ ਹਨ, ਪਰ ਉਨ੍ਹਾਂ ਦੇ ਬੱਚਿਆਂ ਦੀ ਬੇਹਤਰੀ ਲਈ ਉਸ ਵਿਚੋਂ ਸਿਰਫ਼ 20 ਰੁਪਏ ਖ਼ਰਚੇ ਜਾਂਦੇ ਹਨ ਭਾਵ ਸਿਰਫ਼ 2 ਫ਼ੀ ਸਦੀ। ਇਹ ਅੰਕੜੇ ਹੀ ਦੱਸਦੇ ਹਨ ਕਿ ਸਾਡੀ ਸਰਕਾਰ ਕਿੰਨੀ ਲੋਕ ਹਿਤੈਸ਼ੀ ਹੈ।

* ਮਾਸੂਮਾਂ ਨੂੰ ਤਾਂ ਬਖ਼ਸ਼ ਦਿਉ *

ਹੋਰ ਤੇ ਹੋਰ ਸਰਕਾਰ ਨੇ ਅਗਰ ਕਟੌਤੀ ਵੀ ਕਰਨੀ ਹੁੰਦੀ ਹੈ ਤਾਂ ਹਵਾਈ ਜਹਾਜ਼ਾਂ ਵਾਲੇ ਫ਼ੰਡ ਵਿਚੋਂ ਕਰ ਲਿਆ ਕਰੇ — ਪੁਲੀਸ ਲਈ ਖ਼ਰੀਦੀਆਂ ਜਾਣ ਵਾਲੀਆਂ ਸਟੇਨਗਨਾਂ, ਬਰੇਨਗਨਾਂ, ਵਾਇਰਲੈਸਾਂ, ਬਖ਼ਤਰ-ਬੰਦ ਗੱਡੀਆਂ ਵਿਚੋਂ ਕਰ ਲਿਆ ਕਰੇ — ਮਾਸੂਮ ਬੱਚਿਆਂ ਲਈ ਰੱਖੇ ਫ਼ੰਡ ਵਿਚੋਂ ਵੀ ਇਹਨਾਂ ਨੂੰ ਕਟੌਤੀ ਕਰਨ ਲੱਗਿਆਂ ਸ਼ਰਮ ਆਉਣੀ ਚਾਹੀਦੀ ਹੈ ਜਿਵੇਂ ਉਪਰ 257 ਕਰੋੜ ਦੀ ਜਗ੍ਹਾ ਵੀ 200 ਕਰੋੜ ਹੀ ਖ਼ਰਚੇ ਗਏ ਹਨ! ਮੁਲਕ ਵਿਚ ਅਗੇ ਨਾਲੋਂ ਤਿਗਣਾ ਅਨਾਜ ਹੋ ਰਿਹਾ ਹੈ, ਚੌਗੁਣਾ ਕੋਲਾ, ਪੰਜ ਗੁਣਾ ਘਿਉ, ਛੇ ਗੁਣਾ ਖੰਡ, ਪੰਜ ਸੌ ਗੁਣਾ ਮਸ਼ੀਨੀ ਸੰਦ ਪੈਦਾ ਹੋ ਰਹੇ ਹਨ ਤੇ ਸਾਡੀ (?) ਸਰਕਾਰ ਵਿਦਿਅਕ-ਬੱਜਟ ਨੂੰ ਹਰ ਸਾਲ ਯੋਜਨਾ ਵਿਚ ਹੀ ਰਗੜਾ ਲਾਈ ਜਾ ਰਹੀ ਹੈ।

ਬੱਜਟ ਹਿੰਦ ਸਰਕਾਰ (ਕਿਤਾਬ ਇੰਡੀਆ — 80 ਸਫ਼ਾ 204)

| ਸਾਲ | ਵਿਦਿਆ ਉਪਰ ਬਜਟ ਦਾ ਪ੍ਰਤੀਸ਼ਤ ਖ਼ਰਚਾ |
|---|---|
| ਤੀਸਰੀ ਯੋਜਨਾ | 6.9 |
| 1966-69 | 4.6 |
| 1969-74 | 5.0 |
| 1974-75 | 2.8 |
| 1975-76 | 2.9 |
| 1976-77 | 4.2 |
| 1977-78 | 4.4 |
| 1978-79 | 3.6 |
| 1979-80 | 2.2 |

ਪੰਡਿਤ ਨਹਿਰੂ ਦੇ ਵੇਲੇ ਵਿਚ ਬਜਟ ਦਾ ਲਗ-ਪਗ 7 ਫ਼ੀ ਸਦੀ ਹਿੱਸਾ ਵਿਦਿਆ ਉਪਰ ਖ਼ਰਚ ਕੀਤਾ ਜਾਂਦਾ ਸੀ। ਪਰੰਤੂ ਗਰੀਬ ਹਿਤੈਸ਼ੀ ਇੰਦਰਾ ਦੇਵੀ ਨੇ ਗੱਦੀ ਤੇ ਬੈਠਦਿਆਂ ਹੀ ਗ਼ਰੀਬਾਂ ਦੀ ਮੁਕਤੀ ਵਾਸਤੇ ਉਹਨਾਂ ਦੇ ਬੱਚਿਆਂ ਦੀਆਂ ਗਰਦਨਾਂ ਨੂੰ ਹੀ ਜਾ ਸਿੱਧਾ ਹੱਥ ਪਾਇਆ। ਬਜਟ 6.9 ਫ਼ੀ ਸਦੀ ਤੋਂ ਕੱਟ ਕੇ ਸਿਧਾ 4.6 ਫ਼ੀ ਸਦੀ ਕਰ ਦਿਤਾ — ਕੇਵਲ 33 ਫ਼ੀ ਸਦੀ ਕਟੌਤੀ !! ਨਾ ਗ਼ਰੀਬਾਂ ਦੇ ਬੱਚੇ ਪੜ੍ਹਨ ਤੇ ਨਾ ਬੇਰੁਜ਼ਗਾਰੀ ਦਾ ਸ਼ਿਕਾਰ ਹੋਣ।......

ਅਸੀਂ ਵੀ ਸੋਚੀਏ, ਹਰ ਨਵਾਂ ਮੰਤਰੀ ਮੰਡਲ ਬਨਣ ਨਾਲ ਨਵੀਆਂ ਏਅਰ ਕੰਡੀਸ਼ਨਡ ਕਾਰਾਂ, ਹਵਾਈ ਜਹਾਜ਼, ਫਲੋਟਿੰਗ ਰੈਸਟੂਰੈਂਟਾਂ ਲਈ ਪੈਸਾ ਕਿਥੋਂ ਆ ਜਾਂਦਾ ਹੈ? ਲਗ ਗਿਆ ਜੇ ਨਾ ਪਤਾ ਵਿਦਿਆ ਦੇ ਬੱਜਟ ਤੇ ਕੱਟ ਲੱਗ ਕੇ ਪੈਸਾ ਕਿਧਰ ਨੂੰ ਜਾ ਰਿਹਾ ਹੈ...?

ਜੇ ਹਾਲੇ ਵੀ ਯਕੀਨ ਨਹੀਂ ਆਇਆ ਤਾਂ ਇਕ ਅੱਖੀਂ ਡਿੱਠਾ ਹਾਲ ਸੁਣੋ —

* ਰੈਸਟ ਹਾਊਸ ਬਨਾਮ ਕਬੂਤਰਖ਼ਾਨਾ *

ਇਹ ਸੰਨ 1977-78 ਦੀ ਗੱਲ ਹੈ! ਪਟਿਆਲੇ ਵਿਖੇ ਨਾਭਾ ਚੁੰਗੀ ਨਜ਼ਦੀਕ ਐਲ.ਐਲ.ਬੀ. ਦੇ ਵਿਦਿਆਰਥੀ ਸ਼ਾਮ ਦੀ ਕਲਾਸ ਪੜ੍ਹਣ ਵਾਸਤੇ ਇਕ ਲਾਲ ਰੰਗੀ ਇਮਾਰਤ ਵਿਚ ਜਾਂਦੇ ਹੁੰਦੇ ਸਨ! ਇਮਾਰਤ ਜੋ ਪੰਜਾਹ ਕੁ ਸਾਲ ਪਹਿਲਾਂ ਤਾਂ ਆਪਣੇ ਵਕਤ ਦੀ ਕਹਿੰਦੀ

ਕਹਾਉਂਦੀ ਇਮਾਰਤ ਹੋਵੇਗੀ ਮਗਰ 1977-78 ਤੀਕ ਉਸ ਵਾਲਾ ਘੋਰੜੂ ਵਜ ਚੁਕਾ ਸੀ। ਡਿਸਟੈਂਪਰ-ਰੋਗਨ ਤਾਂ ਦੂਰ ਰਿਹਾ। ਕਹਿੰਦੇ ਹਨ ਆਜ਼ਾਦੀ ਤੋਂ ਪਹਿਲਾਂ ਉਸ ਵਿਚ ਇਕ ਵੇਰਾਂ ਕਲੀ ਜ਼ਰੂਰ ਕੀਤੀ ਗਈ ਸੀ – ਬਾਰੀਆਂ ਦਰਵਾਜ਼ਿਆਂ ਵਲੋਂ ਫੁੱਲੀ ਏਅਰ ਕੰਡੀਸ਼ਨਡ ਸੀ – ਗਰਮੀਆਂ ਵਿਚ ਗਰਮ – ਸਰਦੀਆਂ ਵਿਚ ਸਰਦ ! ਕੁਰਸੀਆਂ ਪਰੋਫੈਸਰ ਘਰਾਂ ਤੋਂ ਲੈ ਕੇ ਆਉਂਦੇ ਸਨ ! ਖ਼ੈਰ ਵਿਦਿਆਰਥੀਆਂ ਨੇ ਕਾਲਜ ਬਿਲਡਿੰਗ ਦੇ ਕਲਿਆਨ ਕਰਨ ਬਾਬਤ ਮਤਾ ਪਕਾਇਆ – ਬੇਨਤੀਆਂ ਕੀਤੀਆਂ, ਅਰਜ਼ੀਆਂ ਦਿਤੀਆਂ – ਹੜਤਾਲਾਂ ਹੋਈਆਂ – ਮੁਜ਼ਾਹਰੇ ਹੋਏ – ਲਾਠੀਚਾਰਜ ਹੋਏ (ਗੋਲੀ ਤੇ ਗੋਲੀ ਤੋਂ ਮਗਰੋਂ ਜੁਡੀਸ਼ਲ ਇਨਕੁਆਰੀ ਦੀ ਨੌਬਤ ਆਉਂਦੀ ਆਉਂਦੀ ਰਹਿ ਗਈ) – ਸਭ ਤੋਂ ਵਧੀਆ ਗੱਲ, ਵਿਦਿਆਰਥੀ ਰੋਡਵੇਜ਼ ਬਲਾਕ ਕਰਕੇ, ਹਮਾਤੜਾਂ ਡੰਗਰ-ਵਰਾਂ ਨਾਲ, ਅਤੇ ਮੁਲਾਜ਼ਮਾਂ (ਸਿਪਾਹੀਆਂ) ਨਾਲ ਉਲਝਨ ਦੀ ਬਜਾਏ ਆਪਣਾ ਕੇਸ ਲੋਕ-ਕਚਹਿਰੀ ਵਿਚ ਲੈ ਗਏ। ਉਹਨਾਂ ਪਟਿਆਲਵੀਆਂ ਨੂੰ ਦਸਿਆ ਕਿ ਉਹ ਕਬੂਤਰਖ਼ਾਨੇ ਵਿਚ ਨਹੀਂ ਰਹਿਣਾ ਚਾਹੁੰਦੇ – ਉਹਨਾਂ ਥਾਂ ਥਾਂ ਲਿਖਿਆ ਕਬੂਤਰਖ਼ਾਨਾ ਬੰਦ ਕਰੋ – ਕਲਾਸਾਂ ਦਾ ਪ੍ਰਬੰਧ ਕਰੋ ! ਅਸੀਂ ਇਨਸਾਨ ਹਾਂ – ਕਾਂ-ਚਿੜੀਆਂ ਨਹੀਂ !!

ਮਗਰ ਦਸ ਹਜ਼ਾਰ ਗਜ਼ਟਿਡ ਅਫ਼ਸਰਾਂ ਵਾਲੀ ਸਰਕਾਰ ਕੋਲ – ਸੂਬਾ ਖ਼ੁਸ਼ਹਾਲ ਦੀ ਸਰਕਾਰ ਕੋਲ – ਵਿਦਿਆਰਥੀਆਂ ਖ਼ਾਤਰ ਫ਼ੰਡ ਕਿਥੇ ਸਨ ? ਵਕਤ ਪੈਣ ਤੇ ਗੱਲ ਰਫ਼ਾ ਦਫ਼ਾ ਹੋ ਗਈ – ਕਲਾਸਾਂ ਲਾਉਣ ਵਿਦਿਆਰਥੀ ਪੰਜ ਕੁ ਮੀਲਾਂ ਤੇ ਬਣੀ ਯੂਨੀਵਰਸਿਟੀ ਵਿਚ ਜਾਣ ਲੱਗ ਪਏ !

ਯੁੱਗ ਬਦਲਿਆ, ਮੁੜ ਧਰਿੰਦਰ ਬ੍ਰਹਮਚਾਰੀ ਦਾ ਰਾਜ ਆਇਆ।

ਖ਼ਾਲੀ ਇਮਾਰਤ ਦੀ ਸੁਣਾਈ ਹੋਈ ! ਸੰਗ-ਮਰਮਰੀ ਪੱਥਰ ਆਏ – ਕਾਲੇ ਕਾਲੇ ਕੀਮਤੀ ਪੱਥਰ ਕੋਟੇ ਤੋਂ ਆਏ – ਚਮਕੀਲੀਆਂ ਟਾਈਲਾਂ ਬੰਬੇ ਤੋਂ ਆਈਆਂ – ਕਲੀ ਦੀ ਜਗ੍ਹਾ ਡਿਸਟੈਂਪਰ ਹੋਇਆ – ਚਾਰ ਦੀਵਾਰੀ ਉਸਰੀ – ਮੀਨਾ ਕਾਰੀ ਹੋਈ – ਬਾਗ਼ ਬਗ਼ੀਚੇ ਬਣ ਗਏ – ਦਰੀਆਂ ਗਲੀਚੇ ਵਿਛ ਗਏ – ਟੈਲੀਫ਼ੂਨ ਲੱਗ ਗਿਆ। ਸੋਫ਼ੇ ਡੱਠ ਗਏ ! ਢਾਈ ਹਜ਼ਾਰ ਖ਼ਰਚ ਬਾਹਰੀ ਬੋਰਡ ਬਣ ਗਿਆ ਜਿਸ ਉਪਰ ਲਿਖਿਆ ਹੋਇਆ ਸੀ – **P. W. D. Rest House** ਕਹਿੰਦੇ ਹਨ ਮਹੀਨੇ ਵਿਚ ਇਕ ਅੱਧੀ ਵੇਰਾਂ ਉਥੇ ਚੀਫ਼ ਇੰਜੀਨੀਅਰ ਸਾਹਿਬ ਆ ਕੇ ਠਹਿਰਦੇ ਹਨ – ਵਰ੍ਹੇ-ਛਿਮਾਹੀ ਮੰਤਰੀ, ਮੁੱਖ ਮੰਤਰੀ, ਗ੍ਰਹਿ ਮੰਤਰੀ ਵੀ – ਠੀਕ ਹੀ ਕਿਸੇ ਕਿਹਾ ਹੈ – ਵਿਦਿਆ ਵਿਚਾਰੀ ਤੇ ਬੇ-ਸਹਾਰੀ।

* ਬੇਰੁਜ਼ਗਾਰੀ ਦੇ ਹੋਰ ਮੁੱਖ ਕਾਰਨ *

ਗ਼ਲਤ ਵਿਦਿਆ ਪਾਲਸੀ, ਵਿਕਾਸ ਦੀ ਮੱਠੀ ਦਰ ਤੋਂ ਇਲਾਵਾ ਬੇਰੁਜ਼ਗਾਰੀ ਦਾ ਦੂਜਾ ਵੱਡਾ ਕਾਰਣ ਹੈ ਲੋਕ ਦੁਸ਼ਮਣ ਟੈਕਨੌਲੋਜੀ ਦਾ ਬੋਲ ਬਾਲਾ ! ਅਜ ਹਰ ਜਣੇ ਖਣੇ ਦੇ ਮੂੰਹੋਂ ਤੁਸੀਂ ਕੰਮਪਿਊਟਰ ਸ਼ਬਦ ਸੁਣੋਗੇ – ਕੰਮਪਿਊਟਰ ਇਹ ਕਰਦੇ ਹਨ, ਕੰਮਪਿਊਟਰ ਉਹ ਕਰਦੇ ਹਨ – ਪਰ ਜੋ ਕੰਮਪਿਊਟਰ ਅਸਲ ਵਿਚ ਕਰਦੇ ਹਨ – ਉਸ ਦਾ ਖ਼ੁਦ ਇੰਜੀਨੀਅਰਾਂ ਨੂੰ ਵੀ ਪਤਾ ਨਹੀਂ ਲੱਗਦਾ ! ਕੰਮਪਿਊਟਰ ਸਭ ਤੋਂ ਪਹਿਲਾਂ ਇੰਜੀਨੀਅਰਾਂ ਨੂੰ ਹੀ ਨੌਕਰੀਓਂ ਬਾਹਰ ਕਰਦੇ ਹਨ –? ਇਕ ਕੰਮ-ਪਿਊਟਰ -- ਪੰਜ ਸੌ ਟੈਕਨੀਸ਼ੀਅਨਾਂ ਦਾ ਕੰਮ ਕਰ ਸਕਦਾ ਹੈ – ਹਜ਼ਾਰ ਕਲਰਕਾਂ ਦੀ ਜਗ੍ਹਾ ਮੱਲ ਸਕਦਾ ਹੈ ਪਰ ਪਰੈਕਟਿਸ ਵਿਚ ਅਜ ਕੰਪਿਊਟਰ ਖ਼ਰੀਦਣੇ, ਕੀ ਹਿੰਦੁਸਤਾਨੀ ਨੌਜਵਾਨਾਂ, ਵਿਦਿਆਰਥੀਆਂ ਮੁਲਾਜ਼ਮਾਂ, ਇੰਜੀਨੀਅਰਾਂ, ਟੈਕਨੀਸ਼ੀਅਨਾਂ ਦੇ ਹੱਕ ਵਿਚ ਜਾਂਦੇ ਹਨ...?

ਇਕ ਕੰਮਪਿਊਟਰ ਮਸ਼ੀਨ 6 ਕਰੜ ਤੋਂ **ਘਟ ਦੀ** ਨਹੀਂ ਹੈ ਆਉਂਦੀ। ਉਸ ਨੂੰ ਰਖਣ ਵਾਸਤੇ ਇਕ ਖ਼ਾਸ ਕਿਸਮ ਦੀ ਏਅਰ ਕੰਡੀਸ਼ਨਡ ਇਮਾਰਤ ਦੀ ਲੋੜ ਪੈਂਦੀ ਹੈ। ਪੰਜਾਹ ਲੱਖ ਸਾਲਾਨਾ ਉਸ ਦਾ ਚਲਨ-ਖ਼ਰਚਾ ਹੁੰਦਾ ਹੈ। ਛੇਆਂ ਸਾਲਾਂ ਮਗਰੋਂ ਕੰਮਪਿਊਟਰ ਖ਼ਤਮ ਹੋ ਜਾਂਦਾ ਹੈ ਜਾਂ ਇਸ ਨੂੰ ਬਦਲਨਾ ਪੈਂਦਾ ਹੈ ਜਾਂ ਕਰੋੜ – ਦੋ ਕਰੋੜ ਖ਼ਰਚ ਕੇ ਇਸ ਦੀ ਮਸ਼ੀਨਰੀ ਬਦਲਨੀ ਪੈਂਦੀ ਹੈ। ਹੁਣ ਦਸੋ ਕਿ ਇਹ ਕਿਨਾਂ ਕੁ ਸਾਡੇ ਹਿੱਤ ਵਿਚ ਜਾਂਦਾ ਹੈ......? ਇਕ ਹਜ਼ਾਰ ਇੰਜ-ਜੀਨਅਰਾਂ ਦੀ ਛੇਆਂ ਸਾਲਾਂ ਦੀ ਤਨਖ਼ਾਹ ਇਸ ਤੋਂ ਅਧੀ ਵੀ ਨਹੀਂ ਬਣੇਗੀ ! ਤੇ ਸਭ ਤੋਂ ਮਜ਼ੇ ਦੀ ਗੱਲ ਇਹ ਕਿ ਕੰਮਪਿਊਟਰ ਆਪਣੇ ਆਪ ਕੱਖ ਵੀ ਨਹੀਂ ਹੈ ਕਰਦਾ...? ਜਿਹੜਾ ਵੀ ਡੀਜ਼ਾਈਨ/ਸੱਵਾਲ ਉਸ ਤੋਂ ਕਢਵਾਉਣਾ ਹੋਵੇ – ਇਕ ਵੇਰਾਂ ਬਿਲਕੁਲ ਉਹੋ ਜਿਹਾ ਸਵਾਲ/ਡੀਜ਼ਾਈਨ ਪਹਿਲਾਂ ਆਪ ਹੱਲ ਕਰਕੇ ਉਸ ਉਪਰ ਚੜ੍ਹਾਉਣਾ ਪੈਂਦਾ ਹੈ। ਫਿਰ ਬੇਸ਼ੱਕ ਜਿੰਨੇ ਮਰਜ਼ੀ ਉਹੋ ਜਿਹੇ ਡੀਜ਼ਾਈਨ ਕਰਵਾਈ ਜਾਉ।

ਪਰ ਇਥੇ ਇਹ ਯਾਦ ਰਖਿਆ ਜਾਏ ਕਿ ਕੋਈ ਵੀ ਮਸ਼ੀਨ ਚਾਹੇ ਕਿੰਨੀ ਵੀ ਮਾਡਰਨ ਨਾ ਹੋਵੇ, ਇਨ-ਸਾਨ ਤੋਂ ਉਪਰ ਨਹੀਂ ਹੈ ਹੋ ਸਕਦੀ ਕਿਉਂਕਿ ਉਸ ਮਸ਼ੀਨ ਦਾ ਡੀਜ਼ਾਈਨ ਵੀ ਤਾਂ ਆਦਮੀ ਨੇ ਖ਼ੁਦ ਆਪ ਹੀ ਕੀਤਾ ਹੁੰਦਾ ਹੈ। ਕਲਕੱਤੇ ਦਾ 60-70 ਸਾਲ ਪੁਰਾਣਾ ਹਾਵੜਾ ਪੁਲ ਕਿਸ ਕੰਮਪਿਊਟਰ ਨੇ ਬਣਾਇਆ

ਸੀ......? ਦਿੱਲੀ ਯਮੁਨਾ ਪੁਲ ਦਾ ਡੀਜ਼ਾਈਨ ਕਿਹੜੇ ਕੰਮਪਿਊਟਰ ਨੇ ਕੀਤਾ ਸੀ......? ਕੁਤਬ ਦੀ ਲਾਟ, ਬਾਬਾ ਅਟੱਲ, ਯਮੁਨਾ ਦਰਿਆ ਦੇ ਕਿਨਾਰੇ ਤਾਜ ਮਹੱਲ, ਸਰੋਵਰ ਦੇ ਵਿਚਕਾਰ ਹਰਮੰਦਰ ਸਹਿਬ ਦੀ ਸੁਨੈਹਰੀ ਇਮਾਰਤ ਦਾ ਡੀਜ਼ਾਈਨ ਖ਼ੁਦ ਹਿੰਦੁਸਤਾਨੀਆਂ ਨੇ ਹੀ ਕੀਤੇ ਸਨ ?

ਫਿਰ ਸਾਡੇ ਕੰਮਪਿਊਟਰ ਦੀ ਪੜ੍ਹਾਈ ਤੇ ਕਿਉਂ ਜ਼ੋਰ ਦਿਤਾ ਜਾਂਦਾ ਹੈ...?

ਤਾਂ ਜੁ ਅਸੀਂ ਵੱਡੇ ਵੱਡੇ ਹੋਟਲਾਂ ਦੀਆਂ 25-25 ਮੰਜ਼ਿਲਾਂ ਦਾ ਡੀਜ਼ਾਈਨ ਤੁਰੰਤ ਕਰ ਸਕੀਏ — ਕਾਰਖ਼ਾਨੇਦਾਰਾਂ ਦੀ ਪਰੋਡਕਸ਼ਨ ਦਾ ਹਿਸਾਬ ਕਿਤਾਬ ਤੁਰੰਤ ਕਰ ਸਕੀਏ — ਲੋਕ-ਪੱਖੀ ਲੇਖਕਾਂ, ਕਲਾਕਾਰਾਂ, ਨੇਤਾਵਾਂ, ਦੀਆਂ ਕਾਰਗੁਜ਼ਾਰੀਆਂ ਦੇ ਲਗਾਤਾਰ ਰਿਕਾਰਡ ਰਖ ਸਕੀਏ ਜੋ ਬਟਨ ਨੱਪਦਿਆਂ ਹੀ ਝੱਟ ਪਤਾ ਲੱਗ ਸਕੇ ਕਿ ਕਿਹੜੇ ਕਿਹੜੇ ਲੇਖਕ ਦੇ ਘਰ ਕੌਣ ਕੌਣ ਆਉਂਦਾ ਹੈ। ਤੇ ਸਭ ਤੋਂ ਆਖ਼ਰੀ ਗੱਲ, ਇੰਜੀਨੀਅਰਾਂ ਦੀ ਪੜ੍ਹਾਈ ਤੇ ਅਸੀਂ ਖ਼ਰਚ ਕਰੀਏ ਅਤੇ ਸੇਵਾ ਉਨ੍ਹਾਂ ਦੇਸ਼ਾਂ ਦੀ ਜਾ ਕੇ ਕਰਨ ਜਿਨ੍ਹਾਂ ਦੇਸ਼ਾਂ ਵਿਚ ਬੱਚੇ ਜੰਮਣ ਬਾਬਤ ਵੀ ਕੰਮਪਿਊਟਰ ਹੀ ਨਸੀਹਤਾਂ ਕਰਿਆ ਕਰਨਗੇ ! ਅਮਰੀਕਾ, ਇੰਗਲੈਂਡ, ਪੱਛਮੀ ਜਰਮਨੀ ਨੇ ਸਾਡੇ ਦੇਸ਼ ਵਿਚ ਟੈਕਨੀਕਲ ਵਿਦਿਆ ਦੇ ਵਡੇ ਵਡੇ ਅਦਾਰੇ ਖੋਲ੍ਹ ਰਖੇ ਹਨ (ਆਈ. ਆਈ. ਟੀ. ਮਦਰਾਸ ਦੀ ਪੱਛਮੀ ਜਰਮਨੀ ਮਦਤ ਕਰਦਾ ਹੈ) ਤਾਂ ਜੁ ਸਾਡੇ ਦੇਸ਼ ਵਿਚ ਹੀ ਇੰਜੀਨੀਅਰ ਨੂੰ ਅਜਿਹੀ ਵਿਦਿਆ ਦਿਤੀ ਜਾ ਸਕੇ ਤਾਂ ਜੁ ਯੂਰਪੀਅਨਾਂ ਦੇ ਕੰਮਪਿਊਟਰ ਵਕਾਉਣ ਲਈ ਏਜੰਟਾਂ ਦਾ ਕੰਮ ਕਰ ਸਕਣ ?

### * ਕੰਬਾਈਨ ਹਾਰਵੈਸਟਰ *

ਇਕ ਕਣਕ ਕੱਟਣ ਦੀ ਮਸ਼ੀਨ ਪੰਜ ਲੱਖ ਦੀ ਆਉਂਦੀ ਹੈ ਜੋ ਢਾਈ ਸੌ ਰੁਪਏ ਦੇ ਕਰੀਬ ਇਕ ਕਿੱਲਾ ਕੱਟਣ ਦਾ ਜ਼ਿਮੀਂਦਾਰ ਕੋਲੋਂ ਲੈ ਲੈਂਦੀ ਹੈ। ਢਾਈ ਸੌ ਦੀ ਤੂੜੀ ਦਾ ਉਹ ਬੋਲੋ ਰਾਮ ਕਰ ਦਿੰਦੀ ਹੈ। ਅਗਰ ਚਾਰ ਭਈਏ ਲਗਾਏ ਜਾਣ ਤਾਂ ਉਹ ਕਿੱਲਾ ਉਹ ਇਕ ਦਿਨ ਵਿਚ ਅਰਾਮ ਨਾਲ ਕੱਟ ਦੇਣਗੇ। ਸੰਭਲਾਈ, ਛੜਾਈ (ਥਰੈਸ਼ਿੰਗ) ਦਾ ਖ਼ਰਚਾ ਪਾ ਲਾ ਕੇ, ਕੁਲ ਖ਼ਰਚਾ ਕਿਵੇਂ ਵੀ ਢਾਈ ਸੌ ਰੁਪਏ ਤੋਂ ਉਪਰ ਨਹੀਂ ਟੱਪੇਗਾ। ਇਸ ਤੋਂ ਪ੍ਰਤੱਖ ਹੁੰਦਾ ਹੈ ਕਿ ਮਸ਼ੀਨ ਕਿਸਾਨ ਨੂੰ ਦੁੱਗਣੀ ਮਹਿੰਗੀ ਪਈ — ਮਜ਼ਦੂਰ, ਮਜ਼ਦੂਰੀ ਤੋਂ ਗਏ। ਫ਼ਾਇਦਾ ਕੌਣ ਉਠਾ ਗਿਆ...?

ਤੁਸੀਂ ਕਹਿ ਸਕਦੇ ਹੋ ਕਿ ਮਸ਼ੀਨ ਦੋ ਘੰਟਿਆਂ ਵਿਚ ਕਿੱਲਾ ਪਾਸੇ ਕਰ ਦਿੰਦੀ ਹੈ — ਮੈਂ ਕਹਿੰਦਾ ਹਾਂ ਕਿੱਲੇ ਦੇ 12 ਕਿਆਰਿਆਂ ਵਿਚ 24 ਭਈਏ ਬਿਠਾ ਕੇ ਦੋਨਾਂ ਪਾਸਿਆਂ ਤੋਂ ਸ਼ੁਰੂ ਕਰਵਾ ਦਿਉ। ਵੇਖਣਾ ਫਿਰ ਕਿੱਲਾ ਜੇ ਇਕ ਘੰਟੇ ਵਿਚ ਕੱਟ ਕੇ ਨਾ ਰਖ ਦੇਣ ?

ਤੁਸੀਂ ਕਹੋਗੇ, ਲੇਬਰ ਦਾ ਪ੍ਰਬੰਧ ਕਰਨਾ ਜ਼ਿਮੀਂ-ਦਾਰਾਂ ਲਈ ਸੰਭਵ ਨਹੀਂ। ਮੈਂ ਕਹਿੰਦਾ ਹਾਂ ਤਸੀਲ ਪੱਧਰ ਤੇ ਇਕ-ਇਕ ਮਾਈਗਰੇਟਰੀ ਲੇਬਰ ਅਫ਼ਸਰ ਲਾ ਦਿਉ ਜਿਸ ਦੀ ਡਿਊਟੀ ਹੋਵੇ ਹਰ ਪਿੰਡ ਲਈ ਸੌ-ਸੌ ਮਜ਼ਦੂਰ ਦਾ ਸਮੇਂ ਸਿਰ ਪ੍ਰਬੰਧ ਕਰਕੇ ਦੇਣਾ। ਬਿਹਾਰ, ਉੜੀਸਾ ਦੇ ਅੱਠ ਕਰੋੜ ਇਨਸਾਨ ਜਾਨਵਰਾਂ ਨਾਲੋਂ ਭੈੜਾ ਜੀਵਨ ਬਸਰ ਕਰ ਰਹੇ ਹਨ। ਉਹਨਾਂ ਨੂੰ ਰੁਜ਼-ਗਾਰ ਮਿਲ ਜਾਏਗਾ — ਤੂੜੀ ਵੱਖ ਬਚ ਜਾਏਗੀ — ਬਲਦ ਸ਼ਕਤੀ ਤਬਾਹ ਹੋਣ ਤੋਂ ਬਚ ਜਾਵੇਗੀ। ਉਂਜ ਵੀ ਜਿੰਨੀ ਮਸ਼ੀਨਰੀ ਆਈ ਹੈ ਉਸ ਦਾ ਜਗੀਰਦਾਰੀ ਅਤੇ ਧਨੀ ਕਿਸਾਨੀ ਨੂੰ ਹੀ ਫ਼ਾਇਦਾ ਪਹੁੰਚਾਇਆ ਹੈ — ਛੋਟੇ ਅਤੇ ਦਰਮਿਆਨੇ ਕਿਸਾਨ ਨੂੰ ਤਾਂ ਮਸ਼ੀਨਰੀ ਨੇ ਹੱਥਲ ਅਤੇ ਕੰਗਾਲ ਕਰਕੇ ਰਖ ਦਿਤਾ ਹੈ।

### * ਅੱਠ ਕ੍ਰੋੜੀ ਸਕੀਮ *

ਇਹ ਕਹਾਣੀ ਚੰਡੀਗੜ੍ਹ ਨੂੰ ਪਾਣੀ ਸੁਪਲਾਈ ਕਰਨ ਦੀ ਸੀ — ਅੱਠ ਕਰੋੜ ਦੀ ਸਕੀਮ — ਫ਼ੈਸਲਾ ਹੋਇਆ ਵਡੇ-ਵਡੇ, ਤੀਹ-ਤੀਹ ਫੁੱਟ ਲੰਬੇ, ਬਾਰ੍ਹਾਂ ਫੁਟ ਵਿਆਸ ਦੇ ਲੋਹੇ ਦੇ ਪਾਈਪ ਖ਼ਰੀਦੇ ਜਾਣ— ਉੱਚ ਪੱਧਰੀ ਫ਼ੈਸਲਾ ਸੀ — ਚੀਫ਼ ਇੰਜੀਨੀਅਰ — ਸੈਕਟਰੀ — ਮਨਿਸਟਰ ਦੇ ਲੈਵਲ ਦਾ — ਸੋ ਖ਼ਰੀਦੋ ਫ਼ਰੋਖ਼ਤ ਵੀ ਕਿਸੇ 'ਉੱਚ ਕੰਪਨੀ' ਤੋਂ ਹੋਣੀ ਜ਼ਰੂਰੀ ਸੀ — ਖ਼ੈਰ ਪਾਈਪ ਖ਼ਰੀਦ ਲਏ ਗਏ — ਮਜ਼ਦੂਰਾਂ ਨੇ ਚੰਡੀਗੜ੍ਹ ਦੀ ਬੀਆਬਾਨ ਵਿਚ ਸਥਿਤ ਰੇਲਵੇ ਸਟੇਸ਼ਨ ਤੋਂ ਔਖੇ ਸੌਖੇ ਹੋ ਕੇ ਖਿੱਚ ਧਰੂਅ ਲਿਆਂਦੇ। ਇਕ ਦਾ ਪੈਰ ਜ਼ਖ਼ਮੀ ਹੋ ਗਿਆ ਦੂਜੇ ਦਾ ਹੱਥ।

ਵੈਸੇ ਇਸੇ ਅੱਠ ਕਰੋੜ ਵਿਚ ਅਗਰ 24 ਮੀਲ ਲੰਬੀ ਵੱਡੀ ਪੱਕੀ ਨਹਿਰ ਰੋਪੜ ਤੋਂ ਚੰਡੀਗੜ੍ਹ ਤੱਕ ਬਣਾ ਲਈ ਜਾਂਦੀ ਤਾਂ ਉੱਚ ਪੱਧਰੀ ਕਮੇਟੀ ਦੇ ਕੀ ਢਿੱਡ ਪੀੜ ਹੋ ਜਾਣੀ ਸੀ......? ਰੋਪੜ-ਮੋਹਾਲੀ ਦੇ ਇਲਾਕੇ ਦੇ ਲੋਕਾਂ ਨੂੰ ਦੋ ਸਾਲਾਂ ਲਈ ਰੁਜ਼ਗਾਰ ਮਿਲ ਜਾਂਦਾ — ਜਿਧਰ ਦੀ ਲੰਘਦੀ, ਦੋ-ਢਾਈ ਸੌ ਪਿੰਡਾਂ ਲਈ ਪੀਣ ਵਾਲੇ ਪਾਣੀ ਦੀ ਵੀ ਸਹੂਲਤ ਹੋ ਜਾਂਦੀ — ਪਾਣੀ ਵੀ ਦਸ ਗੁਣਾਂ ਪਹੁੰਚ ਜਾਂਦਾ — ਕਈ ਹਜ਼ਾਰ ਏਕੜ ਬਰਾਨ ਧਰਤੀ ਨੂੰ ਪਾਣੀ ਮਿਲ ਜਾਂਦਾ — ਕਈ ਟੱਬਰ ਕੰਗਾਲੀ ਰੇਖਾ ਤੋਂ ਉਪਰ ਆ ਜਾਂਦੇ — ਅਨਾਜ ਵਿਚ ਵਾਧਾ ਹੁੰਦਾ — ਪਰ ਫਿਰ ਬੇਰੁਜ਼ਗਾਰੀ ਵਾਲੀ ਤਰੱਕੀ ਵਿਚ ਵਾਧਾ ਕਿਵੇਂ ਹੁੰਦਾ।

### * ਸਿਸਟਮ ਦੇਰੁਸਤ ਕਿਸ ਤਰ੍ਹਾਂ ਕੀਤਾ ਜਾਵੇ *

ਕਿਸੇ ਵੀ ਸਿਸਟਮ ਨੂੰ ਦਰੁਸਤ ਕਰਨ ਲਈ ਤਿੰਨ ਗੱਲਾਂ ਦਾ ਹੋਣਾ ਜ਼ਰੂਰੀ ਹੈ;–

(ੳ) ਸਬੰਧਿਤ ਲੋਕ ਚੰਗੀ ਤਰ੍ਹਾਂ ਸਮਝਣ ਕਿ ਸਿਸਟਮ ਨੂੰ ਓਵਰ ਹਾਲ ਕਰਨ ਦੀ ਲੋੜ ਹੈ – ਭਾਵ ਕੰਮ ਕੌਮ ਦੇ ਇਨਟਰੈਸਟ ਵਿਚ ਹੋਵੇ।

(ਅ) ਧਨ ਪ੍ਰਾਪਤ ਹੋਵੇ।

(ੲ) ਪਾਲਿਸੀਆਂ ਲਾਗੂ ਕਰਨ ਵਾਲੀ ਸਰਕਾਰ (ਨੇਤਾ ਅਤੇ ਅਫ਼ਸਰਸ਼ਾਹੀ) ਪੱਕੇ ਇਰਾਦੇ ਨਾਲ ਸਿਸਟਮ ਨੂੰ ਓਵਰਹਾਲ ਕਰਨਾ ਚਾਹੇ।

ਆਉ ਇਕੱਲੇ ਇਕੱਲੇ ਨੁਕਤੇ ਤੇ ਵਿਚਾਰ ਕਰੀਏ! ਸਾਡਾ ਖ਼ਿਆਲ ਕੋਈ ਹੀ ਵਿਦਿਆਰਥੀ ਐਸਾ ਹੋਵੇਗਾ ਜੋ ਬੇ-ਰਸੀ ਪੜ੍ਹਾਈ ਕਰਕੇ, ਕੱਡੇ ਮਾਰੀ ਡਿਗਰੀ ਲਈ ਮਾਰਾ ਮਾਰਾ ਫਿਰਨਾ ਚਾਹੇ। ਤੇ ਐਸਾ ਕੋਈ ਮਾਂ ਬਾਪ ਵੀ ਨਹੀਂ ਹੋਵੇਗਾ ਜੋ ਚਾਹੇ ਕਿ ਉਸ ਦੇ ਬੱਚੇ-ਬੱਚੀਆਂ 'ਤੇਤੀ ਨੰਬਰ ਮਾਰਕਾ' ਰੁੱਖੇ-ਰੁੱਖੇ ਪਰਚੇ ਹੀ ਪਾਸ ਕਰਦੇ ਰਹਿਣ ਤੇ ਮੁੜਕੇ Baseless Education (ਬੀ.ਐੱਡ) ਅਤੇ Meaningless Education (ਐਮ. ਐੱਡ) ਦੇ ਸਰਟੀਫੀਕੇਟ ਫੜੀ, ਨਿੰਮੋਝੂਣੇ, ਉਹਨਾਂ ਦੀਆਂ ਅੱਖਾਂ ਸਾਹਮਣੇ ਸਹਿਕਦੇ ਫਿਰਨ...?

ਸੋ ਜ਼ਰੂਰੀ ਹੈ ਐਸੇ ਵਿਦਿਅਕ-ਸਿਸਟਮ ਲਈ ਜ਼ੋਰ ਪਾਈਏ ਜਿਸ ਵਿਚ ਸਾਡੇ ਬੱਚਿਆਂ-ਬੱਚੀਆਂ, ਸਾਡੇ ਭੈਣ-ਭਰਾਵਾਂ ਦਾ ਕੋਈ ਭਵਿਖ ਹੋਵੇ...? ਅਜ ਹਰ 75 ਹਿੰਦੁਸਤਾਨੀਆਂ ਮਗਰ ਇਕ ਵਿਦਿਆਰਥੀ ਹਾਇਰੀ ਸਕੈਂਡਰੀ ਦਾ ਕੋਰਸ ਕਰਦਾ ਹੈ ਅਤੇ 75 ਹਿੰਦੁਸਤਾਨੀ 12 ਹਜ਼ਾਰ ਸਲਾਨਾ ਦੇ ਕਰੀਬ ਟੈਕਸ ਦਿੰਦੇ ਹਨ! ਇਕ ਵਿਦਿਆਰਥੀ ਨੂੰ ਸਹੀ ਕਿੱਤਾ-ਸਿਖਲਾਈ ਦੇਣ ਤੇ, ਫ਼ਰੀ ਹੋਸਟਲ ਰਿਹਾਇਸ਼, ਮੁਫ਼ਤ ਕਿਤਾਬਾਂ-ਕਾਪੀਆਂ, ਮੁਫ਼ਤ ਰੋਟੀ ਉਪਰ ਅੰਦਾਜ਼ਨ ਕੋਈ ਡੇਢ ਕੁ ਸੌ ਰੁਪਏ ਮਹੀਨਾ ਖ਼ਰਚ ਆਏਗਾ ਭਾਵ 1800 ਰੁਪਏ ਸਾਲਾਨਾ ਜੋ ਉਪਰੋਕਤ ਟੈਕਸ ਦਾ ਮਸਾਂ 15 ਫ਼ੀ ਸਦੀ ਬਣਦਾ ਹੈ – ਤੇ ਸਹੀ ਮਾਇਨਿਆਂ ਵਿਚ ਤਰੱਕੀ ਕਰਨ ਲਈ ਸਾਨੂੰ ਏਨਾ ਕੁ ਖ਼ਰਚਾ ਵਿਦਿਆ ਉਪਰ ਕਰਨਾ ਹੀ ਚਾਹੀਦਾ ਹੈ ਜੇ ਮੰਤਰੀਆਂ-ਸੰਤਰੀਆਂ ਦੇ ਬੱਚੇ ਕਾਨਵੈਂਟ ਵਿਚ ਪੰਜ-ਪੰਜ ਸੌ, ਸੱਤ-ਸੱਤ ਸੌ ਮਹੀਨਾ ਖ਼ਰਚ ਸਕਦੇ ਤਾਂ ਕੀ ਸਾਡੇ ਬੱਚਿਆਂ ਲਈ – ਸਾਡੇ ਹੀ ਟੈਕਸ ਵਿਚੋਂ 150 ਰੁਪਏ ਮਹੀਨਾ ਖ਼ਰਚਣਾ ਕਿਉਂ ਨਹੀਂ ਹੈ ਜਾਇਜ਼ ਬਣਦਾ?

ਰਹੀ ਗੱਲ ਸਰਕਾਰ ਦੀ, ਅਗਰ 'ਸਾਡੀ' ਸਰਕਾਰ ਹੇਠ ਲਿਖੇ ਚਾਰ ਕੰਮ ਹੀ ਕਰ ਦੇਵੇ ਤਾਂ ਐਨੀ ਕੁ ਮਾਇਆ ਬਚਣ ਲੱਗ ਪਵੇਗੀ ਕਿ ਅਸੀਂ ਹਰ ਕੰਮ ਨੂੰ ਸੌਖੇ ਤਰੀਕੇ ਨਾਲ ਨੇਪਰੇ ਚਾੜ੍ਹ ਸਕੀਏ।

1. ਜੋ 85000000000 ਰੁਪਏ ਦੇ ਮੱਲ ਦੀਆਂ ਜਰਸੀਆਂ-ਸਵੈਟਰ, ਆਲੂ-ਟਮਾਟਰ, ਅੰਬ-ਅਨਾਰ, ਮੁਰੱਬੇ-ਚਾਰ, ਵੇਰਕੇ ਦਾ ਮੱਖਣ, ਮਿਲਕ ਫ਼ੂਡ ਦਾ ਘਿਉ, ਸ੍ਰੀਨਗਰ ਦੇ ਅਖ਼ਰੋਟ, ਕੁੱਲੂ ਦੇ ਸਿਉ – ਪੰਜਾਬ ਦੀ ਕਣਕ – ਹਰਿਆਣੇ ਦਾ ਘਿਉ – ਮਦਰਾਸੀਆਂ ਦੀਆਂ ਮੱਛੀਆਂ – ਅਸਾਮ ਦੀਆਂ ਰੇਸ਼ਮੀ-ਰੱਸੀਆਂ ਆਦਿ ਦੇ ਜਹਾਜ਼ਾਂ ਦੇ ਜਹਾਜ਼ ਭਰ ਕੇ ਬਾਹਰ ਜਾ ਰਹੇ ਹਨ – ਉਹ ਤੁਰੰਤ ਬੰਦ ਕੀਤੇ ਜਾਣ ਜਾਂ ਘਟੋ ਘਟ 50% ਕੱਟ ਲਗਾਇਆ ਜਾਏ – ਤਾਂ ਜੁ ਕੱਚੇ ਮਾਲ ਦਾ ਇਸਤੇ-ਮਾਲ ਕਰਕੇ ਵਧ ਤੋਂ ਵਧ ਘਰੇਲੂ ਦਸਤਕਾਰੀਆਂ ਖੋਲ੍ਹੀਆਂ ਜਾਣ – ਕਾਰਖ਼ਾਨੇ ਚਲਾਏ ਜਾਣ – ਜਿਥੇ ਅੱਜ ਦੇ ਵਿਦਿਆਰਥੀਆਂ (ਕੱਲ੍ਹ ਦੇ ਨਾਗਰਿਕਾਂ) ਨੂੰ ਨੌਕਰੀਆਂ ਮਿਲ ਸਕਣ –?

2. ਸੱਤਰ ਅਰਬ ਦਾ ਜੋ ਪੈਂਟਰੋਲ ਬਾਹਰੋਂ ਮੰਗਵਾ-ਇਆ ਜਾ ਰਿਹਾ ਹੈ–ਉਸ ਤੇ ਤੁਰੰਤ ਬੈਨ ਲਗਾਇਆ ਜਾਏ– ਇਥੇ ਯਾਦ ਰਖਿਆ ਜਾਏ ਆਪਣੀਆਂ ਬੱਸਾਂ, ਸਕੂਟਰਾਂ, ਮਿਲਟਰੀ ਗੱਡੀਆਂ, ਰੇਲ ਗੱਡੀਆਂ, ਇੰਜਣਾ ਆਦਿ ਨਾਲੋਂ ਵਧ ਤੇਲ ਦੇਸ਼ ਵਿਚੋਂ ਹੀ ਪ੍ਰਾਪਤ ਹੁੰਦਾ ਹੈ। ਆਜ਼ਾਦੀ ਤੋਂ ਮਗਰੋਂ ਤੇਲ ਦੀ ਪੈਦਾਵਾਰ ਵਿਚ 50 ਗੁਣਾਂ ਵਾਧਾ ਹੋਇਆ ਹੈ।

ਹਾਂ ਇਸ ਕੱਟ ਲਗਾਉਣ ਲਈ ਅਗਰ 50 ਫ਼ੀ ਸਦੀ ਕਾਰਾਂ ਅਤੇ 75 ਫ਼ੀ ਸਦੀ ਜਹਾਜ਼ਾਂ ਨੂੰ ਗੈਰਜਾਂ ਵਿਚ ਬੰਦ ਕਰਨਾ ਪੈ ਜਾਏ ਤਾਂ ਕਰ ਦਿਤਾ ਜਾਏ।

ਮੁੱਠੀ ਭਰ 'ਬਦੇਸ਼ੀ' ਵੀ ਤਾਂ ਦੁਗਣੇ ਹਿੰਦੁਸਤਾਨ ਉਤੇ ਬਿਨਾਂ ਕਾਰਾਂ-ਜਹਾਜ਼ਾਂ, ਦੇ 150 ਸਾਲ ਰਾਜ ਕਰ ਹੀ ਗਏ ਸਨ – ਆਪਣਿਆਂ ਨੇਤਾਂ ਨੂੰ ਅਗਰ ਜਹਾਜ਼ਾਂ ਦੀ ਜਗ੍ਹਾ ਕਾਰਾਂ ਅਤੇ ਕਾਰਾਂ ਦੀ ਜਗ੍ਹਾ ਬੱਸਾਂ ਵਿਚ ਆਉਣਾ ਪੈ ਜਾਉ ਤਾਂ ਬਲੱਡ ਪਰੈਸ਼ਰ ਨਹੀਂ ਹੋਣ ਲੱਗਾ –?

3. ਜੋ ਦਸ ਅਰਬ ਮਾਰੂਤੀ ਕਾਰ ਕਾਰਖ਼ਾਨੇ ਵਾਸਤੇ ਰਾਖਵਾਂ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ – ਉਸ ਸਕੀਮ ਨੂੰ ਦਸ ਸਾਲ ਲਈ ਪੋਸਟਪੋਨ ਕਰ ਦਿਤਾ ਜਾਵੇ ਅਤੇ ਉਸ ਦੀ ਜਗ੍ਹਾ ਥੀਨ ਡੈਮ ਅਤੇ ਰੋਪੜ ਪਲਾਂਟ ਵਰਗੇ ਪਰੋਜੈਕਟਾਂ ਨੂੰ ਤੁਰੰਤ ਉਸਾਰਿਆ ਜਾਏ। ਬਾਕੀ ਤਿੰਨ ਅਰਬ ਨਾਲ ਪੰਜਾਬ ਵਿਚ ਸੀਮੇਂਟ, ਗੱਤੇ, ਕਾਗਜ਼, ਕਪੜੇ, ਖੰਡ ਦੇ ਵੱਡੇ ਵੱਡੇ ਕਾਰਖ਼ਾਨੇ ਲਗਾਏ ਜਾਣ (ਪੰਜਾਬ ਨਾਲ ਪਹਿਲਾਂ ਹੀ ਹੈਵੀ ਇੰਡਸਟਰੀ ਦੇ ਮਾਮਲੇ ਵਿਚ ਮਤਰੇਈ ਮਾਂ ਵਰਗਾ ਸਲੂਕ ਹੁੰਦਾ ਆ ਰਿਹਾ ਹੈ)। ਘਟੋ ਘਟ 20 ਵੱਡੇ ਉਦਯੋਗ ਬਾਕੀ ਤਿੰਨ ਅਰਬ ਦੀ ਰਾਸ਼ੀ ਨਾਲ ਉਸਰਸ ਕਣਗੇ – ਫਿਰ ਵੇਖਣਾ ਬੇ-ਰੁਜ਼ਗਾਰੀ ਕਿਵੇਂ ਪਰ ਲਾ ਕੇ ਉਡਦੀ ਹੈ। ਥੀਨਡੈਮ

ਵਰਗੇ ਹੀ 35–36 ਡੈਮਾਂ ਦੀ ਕਿਸਮਤ ਕਈਆਂ ਕਈਆਂ ਸਾਲਾਂ ਤੋਂ ਲਟਕਦੀ ਆ ਰਹੀ ਹੈ – ਇਹਨਾਂ ਡੈਮਾਂ ਉਪਰ ਜੰਗੀ ਪੱਧਰ ਤੇ ਕੰਮ ਜਾਰੀ ਕੀਤਾ ਜਾਵੇ।

4. 50 ਕਰੋੜੀ ਹਵਾਈ ਬੱਸਾਂ ਅਤੇ ਬੋਇੰਗ ਜਹਾਜ਼ ਖ਼ਰੀਦਣ ਉਪਰ ਦਸੇ ਸਾਲ ਲਈ ਬੈਨ ਲਾ ਦਿਤਾ ਜਾਵੇ। ਇਥੇ ਇਹ ਮੁੜ ਯਾਦ ਕਰਵਾ ਦਿਤਾ ਜਾਂਵੇ ਕਿ ਇਕ ਹਵਾਈ ਬੱਸ ਦੀ ਜਗ੍ਹਾ 2500 ਨਵੀਆਂ ਨਕੋਰ ਬੱਸਾਂ ਵੀ ਖ਼ਰੀਦੀਆਂ ਜਾ ਸਕਦੀਆਂ ਹੰਨ ਜੋ ਘਟੋ ਘੱਟ 20 ਹਜ਼ਾਰ ਲੋਕਾਂ ਨੂੰ ਸਿੱਧਾ ਅਤੇ 80 ਕੁ ਹਜ਼ਾਰ ਲੋਕਾਂ ਨੂੰ ਅਸਿੱਧਾ ਰੁਜ਼ਗਾਰ ਵੀ ਬੱਖਸ਼ਦੀਆਂ ਹਨ। ਭਾਰਤ ਦੇ ਕਈ ਸੂਬਿਆਂ ਵਿਚ 2500 ਨਵੀਆਂ ਬੱਸਾਂ ਹੀ ਨਹੀਂ ਹਨ। ਨਾਲੇ ਹਵਾਈ ਜਹਾਜ਼ ਦਾ ਕੀ ਹੈ – ਮਾੜੀ ਜਿਹੀ ਇੱਲ ਟਕਰਾ ਜਾਏ ਤਾਂ ਪੰਜਾਹ ਕਰੋੜ ਤੋਂ ਮਨਫ਼ੀ ਪੰਜ ਕਰੋੜ ਦਾ ਹੋ ਜਾਂਦਾ ਹੈ – ਮਰਨ ਲਈ ਡੇਢ–ਡੇਢ ਲੱਖ ਪ੍ਰਤੀ ਜੀਅ ਬੀਮਾ ਵੀ ਤਾਂ ਦੇਣਾ ਪੈਂਦਾ ਹੈ –

* ਵਿਦਿਆਰਥੀਆਂ ਦਾ ਫਰਜ਼ *

ਉਤਲੀ ਸਾਰੀ ਵਿਚਾਰ ਤੋਂ ਇਹ ਤੱਥ ਸਾਹਮਣੇ ਆਏ ਹਨ ਕਿ ਸਾਡਾ ਵਿਦਿਆ ਬੱਜਟ ਬਹੁਤ ਹੀ ਨਿਗੂਣਾ ਹੈ। ਸਰਕਾਰ ਬੇੜ੍ਹਾਇੰਦਾ ਪ੍ਰਾਜੈਕਟਾਂ ਤੇ ਤਾਂ ਅੰਨ੍ਹੇਵਾਹ ਪੈਸੇ ਖ਼ਰਚਦੀ ਹੈ, ਪਰ ਜਦੋਂ ਸਾਧਾਰਨ ਲੋਕਾਂ ਦੇ ਬੱਚਿਆਂ ਲਈ ਵਿਦਿਆ ਉਤੇ ਖ਼ਰਚਣ ਦੀ ਵਾਰੀ ਆਉਂਦੀ ਹੈ, ਤਾਂ ਉਹ ਹੱਥ ਘੁਟ ਲੈਂਦੀ ਹੈ। ਫੇਰ ਜਿਹੜੀ ਵਿਦਿਆ ਦਿਤੀ ਵੀ ਜਾਂਦੀ ਹੈ, ਉਹ ਵੀ ਬਿਲ–ਕੁਲ ਨਿਕਾਰਾ ਹੈ। ਇਹ ਮੁਖ ਤੌਰ ਤੇ ਬੇਰੁਜ਼ਗਾਰੀ ਵਧਾਉਣ ਤੇ ਨੌਜਵਾਨਾਂ ਵਿਚ ਮਾਯੂਸੀ ਫੈਲਾਉਣ ਦੀ ਜ਼ਿੰਮੇਵਾਰ ਹੈ, ਭਾਵੇਂ ਸਰਕਾਰੀ ਅਦਾਰਿਆਂ ਵਲੋਂ ਦੁਰ–ਪਰਬੰਧ ਵੀ ਇਸ ਵਿਚ ਆਪਣਾ ਹਿੱਸਾ ਪਾਉਂਦਾ ਹੈ। ਸਰਕਾਰ ਦੀਆਂ ਹੋਰ ਨੀਤੀਆਂ ਨੂੰ ਬਦਲਾਣ ਬਾਰੇ ਤਾਂ ਹੋਰ ਲੋਕਾਂ ਦਾ ਵੀ ਸੰਘਰਸ਼ ਕਰਨਾ ਬਣਦਾ ਹੈ, ਪਰ ਵਿਦਿਆ ਸਿਸਟਮ ਵਿਚ ਬਦਲੀ ਵਿਦਿਆਰਥੀ ਸੰਘਰਸ਼ ਜਾਂ ਵਿਦਿਆਰਥੀਆਂ ਲਈ ਸਿਆਸਤ ਦਾ ਧੁਰਾ ਬਣਦਾ ਹੈ। ਇਹ ਸਪਸ਼ਟ ਕਹਿਣਾ ਪਵੇਗਾ ਕਿ 'ਮੌਜੂਦਾ ਵਿਦਿਅਕ ਢਾਂਚਾ' – ਨਿਕਾਰੇ ਬਣਾਉਣ ਦਾ ਸਾਂਚਾ' ਹੈ ਅਤੇ ਇਸ ਦੇ ਬਦਲਣ ਵਿਚ ਹੀ ਉਹਨਾਂ ਦੇ ਅਤੇ ਦੇਸ਼ ਦੇ ਚੰਗੇ ਭਵਿਖ ਦੀ ਗਰੰਟੀ ਹੈ। ਇਹੀ ਵਿਦਿਆਰਥੀਆਂ ਦੀ ਅਜ ਦੀ ਸਿਆਸਤ ਹੋਣੀ ਚਾਹੀਦੀ ਹੈ।

---

# ਪਾਠਕ, ਲੇਖਕ ਫ਼ੋਰਮ,

– ਪਿਛਲੇ ਦੋ ਅੰਕਾਂ 'ਚ ਲਿਖੇ ਪ੍ਰੋ. ਭਾਰਦਵਾਜ ਦੇ ਲੇਖਾਂ "ਇਹ ਆਜ਼ਾਦ ਹਿੰਦੋਸਤਾਨ ਹੈ" ਤੇ "ਕਹਾਣੀ ਇਕ ਹਸਪਤਾਲ ਦੀ" ਪੜ੍ਹ ਕੇ ਸਮਤਾ ਨਾਲ ਕੁਝ ਗੱਲਾਂ ਸਾਂਝੀਆਂ ਕਰਨ ਦਾ ਮਨ ਬਣਾਇਆ ਹੈ। ਆਪਣੀ ਗੱਲ ਸਰਦਲ ਤੋਂ ਸ਼ੁਰੂ ਕਰਦਾ ਹਾਂ, ਜੋ ਪਰਚਾ ਤੁਹਾਡੇ ਵਲੋਂ ਪਿਛਲੇ ਸਮਿਆਂ ਵਿਚ ਕਢਿਆ ਜਾਂਦਾ ਸੀ ਤੇ ਜਿਸ ਨੂੰ ਪੜ੍ਹ ਕੇ ਹੀ ਸਿਆਸਤ ਨਾਲ ਵਾਹ ਪਿਆ ਹੈ। ਭਾਵੇਂ ਮੈਂ ਸੱਤ ਕੁ ਜਮਾਤਾਂ ਹੀ ਪੜ੍ਹੀਆਂ ਹਨ, ਪਰ ਸਰਦਲ 'ਚ ਛਪੀਆਂ ਸੌਖੇ ਸੌਖੇ ਸ਼ਬਦਾਂ 'ਚ ਦਿਲ ਟੁੰਬਦੀਆਂ ਕਵਿਤਾਵਾਂ, ਗੀਤਾਂ, ਕਹਾਣੀਆਂ ਤੇ ਲੇਖਾਂ ਨੇ ਜ਼ਮੀਰ ਨੂੰ ਹਲੂਣ ਕੇ ਹਰ ਅਗਾਂਹ ਵਧੂ ਪਰਚੇ ਦਾ ਪਾਠਕ ਹੋਣ ਤਕ ਆਪਣਾ ਰੋਲ ਅਦਾ ਕੀਤਾ ਹੈ – ਸਮਤਾ ਦੀ ਹੁਣ ਗੱਲ ਕਰਦਾ ਹਾਂ। ਸ਼ੁਰੂਆਤ ਸਮੇਂ ਇਸ ਵਿਚ ਤੁਸੀਂ ਕੋਈ ਨਾ ਕੋਈ ਨਾਟਕ ਜਾਂ ਰੰਗਮੰਚ ਸੰਸਥਾ ਵਲੋਂ ਤਜਰਬੇ ਤੇ ਹੋਰ ਗੱਲਬਾਤ ਦੇ ਕਾਲਮ ਛਾਪਦੇ ਸੀ, ਜੋ ਬਹੁਤ ਲਾਹੇਵੰਦ ਸਨ, ਕਿਉਂਕਿ, ਨਾਟਕ–ਮੰਡ–ਲੀਆਂ ਨੂੰ ਖੇਡਣ ਲਈ ਸੱਕਰਿਪਟਾਂ ਮਿਲ ਜਾਂਦੀਆਂ ਸਨ। ਲੋਕ–ਪੱਖੀ ਸਾਹਿਤ ਨੂੰ ਸਾਧਾਰਨ ਲੋਕਾਂ ਤਕ ਪੁਚਾਣ ਦਾ ਸਾਰਿਆਂ ਨਾਲੋਂ ਵਧੀਆ ਸਾਧਨ ਨਾਟਕ ਹੀ ਹੈ। ਸਮਤਾ ਵਿਚ ਜੋ ਕਵਿਤਾਵਾਂ ਹੁੰਦੀਆਂ ਹੰਨ, ਜੋ ਹੋਰ ਕਹਾਣੀਆਂ ਅਨੁਵਾਦ ਕੀਤੀਆਂ ਹੁੰਦੀਆਂ ਨੇ, ਕਾਫੀ ਉੱਚ ਪੱਧਰੀ ਸ਼ਬਦਾਵਲੀ ਵਿਚ ਅੰਕਿਤ ਹੁੰਦੀਆਂ ਹਨ, ਜਿਨ੍ਹਾਂ ਦੀ ਆਮ ਪਾਠਕ ਨੂੰ ਪਕੜ ਨਹੀਂ ਆਂਦੀ। ਕਈ ਲੇਖ ਵੀ ਔਖੇ ਹੁੰਦੇ ਹਨ, ਪਰ ਭਾਰਦਵਾਜ ਦੇ ਲੇਖ ਕਾਫ਼ੀ ਦਿਲਚਸਪ ਤੇ ਸਮਝ ਵਿਚ ਆਉਣ ਵਾਲੇ ਨੇ, ਕਿਉਂਕਿ ਸੌਖੀ ਸ਼ਬਦਾਵਲੀ ਦੇ ਨਾਲ ਲਿਖਣ–ਢੰਗ 'ਚ ਪੇਂਡੂ ਲਹਿਜਾ ਹੁੰਦਾ ਹੈ, ਜਿਵੇਂ ਹਿੰਦੋਸਤਾਨ ਵਾਲੇ ਲੇਖ ਵਿਚ ਉਹਨਾਂ ਲਿਖਿਆ ਕਿ ਕੋਈ ਤਾਏ ਨਾਮੇ ਵਰਗਾ ਨਹੀਂ ਚੜ੍ਹਦਾ, ਜਾਂ ਚੜ੍ਹਿਆਂ ਲੁਧਿਆਣੇ ਵਾਲੀ ਗੱਡੀ ਹੋਵੇ, ਪਿਸ਼ਾਬ ਕਰਨ ਮਗਰੋਂ ਪਟਿਆਲਾ ਵਲ ਚੜ੍ਹ ਬੈਠਾ ਹੋਵੇ, ਇਥੇ ਕਹਾਣੀ ਇਕ ਹਸਪਤਾਲ ਦੀ ਤਾ ਸਾਫ਼ ਹੈ – ਇਹ ਪਟਿਆਲਾ ਸ਼ਹਿਰ ਹੈ, ਜਿਥੋਂ ਦੇ ਰਾਜੇ ਦੇ ਗੁਣ ਗਾਉਂਦਿਆਂ......ਇਹ ਗੱਲਾਂ ਨਾਲੇ ਤਾਂ ਪੜ੍ਹਣ ਲਈ ਮਨ ਬਣਾ ਦਿੰਦੀਆਂ ਤੇ ਨਾਲੇ ਉਂਝ ਵੀ ਜ਼ਮੀਰ ਟੁੰਬਣ ਦਾ ਕੰਮ ਕਰਦੀਆਂ ਨੇ – ਅਜਿਹੇ ਲੇਖਾਂ ਤੋਂ ਤਾਂ ਇਹੋ ਆਸ ਬੱਝਦੀ ਹੈ ਕਿ ਸਮਤਾ ਸਰਦਲ ਵਲ ਸਫ਼ਰ ਕਰ ਰਿਹਾ ਹੈ – ਪਰ ਕਵਿਤਾਵਾਂ ਤੇ ਕਹਾਣੀਆਂ ਇਸ ਸਫ਼ਰ ਬਾਰੇ ਸ਼ੱਕ ਵੀ ਪੈਦਾ ਕਰਦੇ ਹਨ।

o ਮੰਦਰ ਸਿੰਘ – ਬਠਿੰਡਾ

– ਸਮਤਾ ਦੇ ਪਿਛਲੇ ਕਈ ਅੰਕ ਉਤਲੇ ਵਧੀਆ ਨਹੀਂ ਆ ਰਹੇ, ਜਿੰਨੇ ਕਿ ਪਹਿਲਾਂ ਹੁੰਦੇ ਸਨ। ਭਾਂਜੀ ਇਸ ਦਾ ਕੀ ਕਾਰਨ ਹੈ। ਅੱਗੇ ਜਿਹੜੇ ਤੁਸੀਂ ਇਕਾਂਗੀ

ਵਗੈਰਾ ਸਮਤਾ ਵਿਚ ਦਿੰਦੇ ਹੁੰਦੇ ਸੀ ਉਹ ਬੜੇ ਵਧੀਆ ਹੁੰਦੇ ਸਨ। ਤੁਸੀਂ ਇਕਦਮ ਬੰਦ ਹੀ ਕਰ ਦਿਤੇ। ਉਸ ਨਾਲ ਸਮਤਾ ਦਾ ਦਾਇਰਾ ਕਾਫ਼ੀ ਵਧਿਆ ਸੀ। ਕਈ ਮੁੰਡੇ (ਜਿਹੜੇ ਪੰਜਾਬੀ ਮੈਗਜ਼ੀਨ ਤਕਰੀਬਨ ਪੜ੍ਹਦੇ ਹੀ ਨਹੀਂ ਸਨ) ਤਾਂ ਸਮਤਾ ਖ਼ਰੀਦਦੇ ਹੀ ਇਸੇ ਕਰਕੇ ਸਨ। ਜ਼ਿਆਦਾਤਰ ਛਪਣ ਵਾਲੀਆਂ ਕਵਿਤਾਵਾਂ ਵੀ ਇੰਨੀਆਂ ਮਿਆਰੀ ਨਹੀਂ ਹੁੰਦੀਆਂ। ਸਿਹਤ ਬਾਰੇ ਲੇਖ ਜ਼ਰੂਰ ਬਹੁਤ ਹੀ ਜਾਣਕਾਰੀ ਭਰਪੂਰ ਹੁੰਦੇ ਹਨ। ਪਰ ਐਤਕੀਂ ਉਹ ਵੀ ਨਜ਼ਰ ਨਹੀਂ ਆਇਆ। ਪ੍ਰੋ. ਭਾਰਦ-ਵਾਜ ਹੋਰਾਂ ਦੇ 'ਅੰਕੜੇ' ਵਧੀਆ ਹੁੰਦੇ ਸਨ। ਸਤੰਬਰ ਅੰਕ ਵਿਚ ਛਪੇ 'ਰਜਿੰਦਰਾ ਹਸਪਤਾਲ' ਬਾਰੇ ਲੇਖ ਨੂੰ, ਉਹਨਾਂ ਨੇ ਕੀ ਬਣਾ ਕੇ ਪੇਸ਼ ਕੀਤਾ ? ਇੱਡੇ ਗੰਭੀਰ ਮਸਲੇ ਬਾਰੇ ਲੇਖ ਨੂੰ 'ਮਸ਼ਕਰਿਆਂ' ਵਾਂਗ ਲਿਖਣਾ, ਕੀ ਇਹ ਵਧੀਆ ਗੱਲ ਹੈ ?

o ਅਮਰਜੀਤ ਸ਼ਰਮਾ – ਲੌਂਗੋਵਾਲ

– 'ਸਮਤਾ' ਬਕਾਇਦਾ ਮਿਲ ਰਿਹਾ ਹੈ – ਬਹੁਤ ਬਹੁਤ ਸ਼ੁਕਰੀਆ। ਇਸ ਵਾਰ ਤੁਹਾਡੀ ਸੰਪਾਦਕੀ ਅਤੇ ਪ੍ਰੋ. ਭਾਰਦਵਾਜ ਦੇ ਲੇਖ ਬਹੁਤ ਮਾਅਰਕੇ ਦੇ ਜ਼ੀਕਰ ਹਨ ਅਤੇ ਪਾਠਕ ਦੀ ਚੇਤਨਾ ਨੂੰ ਹਲੂਣ ਗਏ ਹਨ।

o ਗੁਰਬਖ਼ਸ਼ ਜੱਸ

– 1 ਸਮਤਾ ਲਗਾਤਾਰ ਮਿਲ ਰਿਹਾ ਹੈ, ਅਤੇ ਲਗਾਤਾਰ ਤੱਥਾਂ ਰਾਹੀਂ ਦਿਤੀ ਜਾਂਦੀ ਜਾਣਕਾਰੀ, ਇਸ ਨੂੰ ਸਟਾਲ ਦੇ ਪਏ ਆਮ ਪਰਚਿਆਂ ਨਾਲੋਂ ਨਿਖੇੜਦੀ ਹੈ। ਗੱਲ ਸਿੱਧੇ ਤੇ ਸਪਸ਼ਟ ਸ਼ਬਦਾਂ ਵਿਚ ਕਹਿ ਸਕਣ ਦੀ ਹਿੰਮਤ ਰਖਣਾ ਹਾਰੀ ਸਾਰੀ ਦਾ ਕੰਮ ਨਹੀਂ।

2. ਕ੍ਰਾਂਤੀਕਾਰੀ ਸਾਹਿਤ ਸਭਾ ਹੋਂਦ ਵਿਚ ਆਉਣ ਤੋਂ ਪਹਿਲਾਂ ਬਾਹੂ ਨਾਲ ਕਿਸੇ ਪਿੰਡ ਅੰਦਰ ਹੋਈ ਮੁਲਾ-ਕਾਤ ਵਿਚ ਇਸ ਗੱਲ ਤੇ ਕਾਫ਼ੀ ਬਹਿਸ ਹੋਈ ਸੀ, ਕਿ ਇਸ ਤਰ੍ਹਾਂ ਦੀ ਸਭਾ ਕਾਇਮ ਕਰਨਾ ਠੀਕ ਹੈ, ਜਾਂ ਕੇਂਦਰੀ ਸਭਾ ਅੰਦਰ ਕੰਮ ਕਰਨਾ ਠੀਕ ਹੈ। 1969 ਦੀ ਕੇਂਦਰੀ ਲੇਖਕ ਸਭਾ (ਅਨਰਜਿ) ਦੀ 'ਹੋਂਦ' ਤੇ 'ਖ਼ਾਤਮਾ' ਵੀ ਵਿਚਾਰ ਅਧੀਨ ਸੀ। ਕੇਵਲ ਸਟੇਟ ਦੇ ਨਿਰਨੇ ਦੇ ਆਧਾਰ ਤੇ ਦੂਜੀ ਜਥੇਬੰਦੀ ਖੜੀ ਕਰਨਾ, ਉਵੇਂ ਦੀ ਗੱਲ ਜਾਪਦੀ ਸੀ, ਜਿਵੇਂ 'ਨਿਰਨਿਆਂ' ਦੇ ਆਧਾਰ ਤੇ ਲਹਿਰ ਵਿਚ ਪਈਆਂ ਸੋਲਾਂ-ਸਤਾਰਾਂ ਵੰਡੀਆਂ। 6 ਸਤੰਬਰ ਨੂੰ ਜਲੰਧਰ 53 ਲੇਖਕਾਂ ਦਾ ਇਕੱਠ (ਜਿਨ੍ਹਾਂ ਵਿਚ ਵਰਕਰ ਵੀ ਸ਼ਾਮਲ ਸਨ) ਕੋਈ ਬਹੁਤ ਵੱਡਾ ਹੁੰਗਾਰਾ ਨਹੀਂ ਹੈ।

3. ਜਿਵੇਂ ਪੂਰਾ ਇਕ ਦਹਾਕਾ ਕ੍ਰਾਂਤੀਕਾਰੀ ਸਾਹਿਤ, ਪੰਜਾਬੀ ਅਤੇ ਪੰਜਾਬ ਦੇ ਚਿੱਤਰ-ਪੱਟ ਤੇ ਛਾਇਆ ਰਿਹਾ, ਉਵੇਂ ਹੀ ਹੁਣ ਧੀਮੀ ਸੁਰ ਵਾਲਿਆਂ ਦਾ ਬੋਲ ਬਾਲਾ ਹੈ, ਸਭਾਵਾਂ ਵੀ ਉਹਨਾਂ ਦੇ ਅਧੀਨ ਹੀ ਚਲਦੀਆਂ ਹਨ। ਰਿਪੋਰਟਾਂ ਦਾ ਵਧਾ ਚੜ੍ਹਾ ਕੇ ਦੱਸਣਾ, ਉਵੇਂ ਦਾ ਮਾਰੂ ਸਿੱਧ ਹੁੰਦਾ ਹੈ, ਜਿਵੇਂ 70 ਤੋਂ 75 ਤੱਕ ਛਪਦੇ 'ਪਰਚਿਆਂ' ਵਿਚ 'ਬੇਸ ਏਰੀਆ', ਲਾਲ ਫੌਜਾਂ, ਹਥਿਆਰ ਫ਼ੈਕਟਰੀਆਂ ਆਦਿ ਦੀਆਂ ਡੀਂਗਾਂ। ਇਹ ਵਿਚਾਰ ਸਮਤਾ ਦੇ ਪਾਠਕਾਂ ਦੇ ਵਿਚਾਰ ਗੋਚਰੇ ਹਨ।

o ਲਾਲ ਸਿੰਘ – ਦਸੂਹਾ

– ਇਸ ਚਿੱਠੀ ਰਾਹੀਂ ਮੈਂ ਆਪ ਜੀ ਦਾ ਧਿਆਨ ਇਰਾਨ ਵਲ ਦਿਵਾਉਣਾ ਚਾਹੁੰਦਾ ਹਾਂ। ਸਾਡੇ ਕੋਲ ਇਰਾਨ ਬਾਰੇ ਸਿਰਫ਼ ਉਹ ਹੀ ਘਟਨਾ ਪਹੁੰਚਦੀ ਹੈ ਜੋ ਅਖ਼ਬਾਰ ਵਿਚ ਪ੍ਰਕਾਸ਼ਤ ਹੁੰਦੀ ਹੈ ਅਤੇ ਅਸਲ ਵਿਚ ਉਥੇ ਕੀ ਹੋ ਰਿਹਾ ਹੈ ਕੋਈ ਨਹੀਂ ਜਾਣਦਾ। ਫ਼ਿਰ ਵੀ ਜੋ ਕੁਝ ਸਾਹਮਣੇ ਆਉਂਦਾ ਹੈ ਉਸ ਬਾਰੇ ਖੱਬੇ ਪੱਖੀ ਕਿਸੇ ਵੀ ਪਰਚੇ ਵਿਚ ਕੁਝ ਪੜ੍ਹਨ ਲਈ ਨਹੀਂ ਮਿਲਿਆ ਅਤੇ ਨਾ ਹੀ ਕਿਸੇ ਪਾਰਟੀ ਨੇ ਡੱਟ ਕੇ ਉਥੇ ਜਦੋਜਹਿਦ ਕਰ ਰਹੇ ਲੋਕਾਂ ਦੀ ਗੱਲ ਕੀਤੀ ਹੈ ਜੋ ਕਿ ਕਾਫ਼ੀ ਅਫ਼ਸੋਸਨਾਕ ਹੈ। ਇਸ ਦਾ ਇਕ ਕਾਰਨ ਇਹ ਵੀ ਹੋ ਸਕਦਾ ਹੈ ਕਿ ਉਥੋਂ ਦੀ ਇਕ ਕਮਿਊਨਿਸਟ ਪਾਰਟੀ ਜਿਸ ਦਾ ਨਾਂ 'ਤੂਦੇ' ਹੈ, ਨੂੰ ਰੂਸ ਦਾ ਸਮਰਥਨ ਪ੍ਰਾਪਤ ਹੈ ਅਤੇ ਉਹ ਪਾਰਟੀ ਆਇਤ ਉਲਾ ਖੋਮੀਨੀ ਦਾ ਸਾਥ ਦੇ ਰਹੀ ਹੈ। ਕੀ ਸਿਰਫ਼ ਇਸ ਬਿਨਾਂ ਤੇ ਕਿ ਰੂਸ ਕਿਸੇ ਪਾਰਟੀ ਨੂੰ ਮਾਨਤਾ ਦੇਵੇ ਤਾਂ ਹੀ ਅਸੀਂ ਉਸ ਦਾ ਸਮਰਥਨ ਕਰੀਏ, ਠੀਕ ਹੈ ? ਮੇਰੇ ਖ਼ਿਆਲ ਅਨੁਸਾਰ ਤੂਦੇ ਪਾਰਟੀ ਇਰਾਨ ਵਿਚ ਉਹੋ ਜਿਹਾ ਹੀ ਰੋਲ ਅਦਾ ਕਰ ਰਹੀ ਹੈ ਜਿਸ ਤਰ੍ਹਾਂ ਦਾ ਸੀ.ਪੀ.ਆਈ. ਦਾ ਤਜਰਬਾ ਭਾਰਤ ਵਿਚ ਹੋ ਚੁਕਾ ਹੈ। 29.9.81 ਤਕ ਪੁਜੀਆਂ ਖ਼ਬਰਾਂ ਅਨੁਸਾਰ ਸਿਰਫ਼ ਬਾਨੀ ਸਦਰ ਦੇ ਇਰਾਨ 'ਚੋਂ ਜਾਣ ਬਾਅਦ ਹੁਣ ਤਕ 1100 ਤੱਕ ਇਨਕਲਾਬੀ ਜੋ ਮੁਜਾਹੇਦੀਨ ਖ਼ਲਕ ਨਾਮ ਦੀ ਪਾਰਟੀ ਨਾਲ ਸਬੰਧਤ ਸਨ ਫਾਹੇ ਲਾਏ ਗਏ। ਗ਼ੈਰ ਸਰਕਾਰੀ ਸੂਤਰਾਂ ਅਨੁਸਾਰ ਇਹ ਗਿਣਤੀ 2000 ਤੋਂ ਵੀ ਵਧੀਕ ਹੈ।

ਇਸ ਤੋਂ ਵੀ ਘਿਨਾਉਣਾ ਪੱਖ ਮੌਲਾਨਿਆਂ ਦੀ ਸਰਕਾਰ ਦਾ ਉਦੋਂ ਸਾਹਮਣੇ ਆਇਆ ਜਦ ਪਿੱਛਲੇ ਦਿਨੀਂ ਜਲੂਸ ਕਢ ਰਹੇ ਲੋਕਾਂ ਉਪਰ ਗੋਲੀਆਂ ਚਲਾਈਆਂ ਗਈਆਂ ਜਿਸ ਵਿਚ 150 ਵਿਅਕਤੀ ਮਾਰੇ ਗਏ ਜਿਨ੍ਹਾਂ ਵਿਚ 8-9 ਸਾਲ ਦੀ ਉਮਰ ਦੇ ਬੱਚੇ ਵੀ ਸ਼ਾਮਲ ਸਨ। 7000 ਸਕੂਲੀ ਬੱਚੇ ਜਿਹਲਾਂ ਵਿਚ ਹਨ। ਜ਼ੁਲਮ ਦੀ ਇੰਤਹਾ ਇਹ ਹੈ ਕਿ ਆਇਤ ਉਲਾ ਲਾਜਵਰਦੀ ਨਾਮ ਦਾ ਇਕ ਸਰਕਾਰੀ ਵਕੀਲ ਇਹ ਕਹਿ ਰਿਹਾ ਹੈ ਕਿ 12 ਸਾਲ ਤਕ ਦੀ ਉਮਰ ਦੇ ਬੱਚੇ ਵੀ ਫਾਹੇ ਲਾਏ ਜਾ ਸਕਣਗੇ। ਇਰਾਨ ਵਿਚ ਅਸਥਿਰਤਾ ਦਾ ਇਹ ਮਾਹੌਲ ਕੱਦ ਤਕ ਚਲੇਗਾ ਕੋਈ ਨਹੀਂ ਜਾਣਦਾ। ਆਰਥਿਕ ਤੌਰ ਤੇ ਇਰਾਨ ਕੀ ਹਾਲਤ ਤਰਸਯੋਗ ਹੈ ਇਕ ਅਖ਼-ਬਾਰੀ ਖ਼ਬਰ ਮੁਤਾਬਿਕ 20 ਤੋਂ 40 ਲੱਖ ਲੋਕ ਬੇਕਾਰ ਹਨ, 12 ਲੱਖ (ਬਾਰਾਂ ਲੱਖ) ਲੋਕ ਇਰਾਨ-ਇਰਾਕ

Post Office No P/AR — 33
Registred With Registrar News Paper Vide No, MA/1/2397-D dated 14,8.80

ਯੁਧ ਕਾਰਨ ਸ਼ਰਨਾਰਥੀ ਬਣ ਚੁਕੇ ਹਨ। ਅਜਿਹੇ ਹਾਲਤ ਦੇ ਬਾਵਜੂਦ ਖੱਬੇ ਪੱਖੀ ਪਾਰਟੀਆਂ ਦੀ ਚੁਪ ਸ਼ੱਕ ਪੈਦਾ ਕਰਦੀ ਹੈ ਕਿ ਇਹ ਲੋਕ ਕਿਵੇਂ ਆਪਣੇ ਆਪ ਨੂੰ ਅੰਤਰ-ਰਾਸ਼ਟਰੀ ਤੌਰ ਤੇ ਇਕ ਕਹਿੰਦੇ ਹਨ ਜਦ ਕਿ ਭਾਰਤ ਵਿਚਲੇ ਕਾਮਰੇਡ ਗੁਆਂਢੀ ਦੇਸ਼ ਬਾਰੇ ਚੁਪ ਬੈਠੇ ਹਨ। ਹੁਣ ਇਹ ਸਾਫ਼ ਹੋ ਹੀ ਚੁਕਿਆ ਹੈ ਕਿ ਇਰਾਨ ਵਿਚ ਸਿਰਫ਼ ਰਾਜ-ਪਲਟਾ ਹੀ ਹੋਇਆ ਹੈ ਕੋਈ ਲੋਕ ਇਨਕਲਾਬ ਨਹੀਂ ਹੋਇਆ। ਅਗਰ ਕਦੀ ਇਨਕਲਾਬ ਦਾ ਭੁਲੇਖਾ ਪਿਆ ਵੀ ਸੀ ਤਾਂ ਹੁਣ ਮੌਲਾਨਿਆਂ ਦੇ ਲੋਕ-ਵਿਰੋਧੀ ਕਾਰਿਆਂ ਨੇ ਸਿੱਧ ਕਰ ਹੀ ਦਿਤਾ ਹੈ ਕਿ ਉਹ ਕੱਟੜ ਕਿਸਮ ਦੇ ਜਨੂੰਨੀ ਲੋਕ ਹਨ। ਈਰਾਨ ਦੀਆਂ ਘਟਨਾਵਾਂ ਸਾਡੇ ਲੋਕਾਂ ਲਈ ਖ਼ਾਸ ਕਰਕੇ ਪੰਜਾ-ਬੀਆਂ ਲਈ ਅੱਖਾਂ ਖੋਲ੍ਹਣ ਵਾਲੀਆਂ ਹਨ, ਜਿਥੇ ਫਿਰਕੂ ਜਨੂੰਨ ਸਿਰ ਚੁਕ ਰਿਹਾ ਹੈ।

o ਹਰਜੀਤ ਗਿੱਲ – ਪਟਿਆਲਾ

— "ਕ੍ਰਾਂਤੀਕਾਰੀ ਸਾਹਿਤ ਸਭਾ ਪੰਜਾਬ" ਨਾਮ ਦੇ ਅਦਾਰੇ ਵਲੋਂ ਸਾਹਿਤ ਤੇ ਰਾਜਨੀਤੀ ਦੇ ਸੰਬੰਧਾਂ ਬਾਰੇ 6 ਸਤੰਬਰ ਨੂੰ ਜਲੰਧਰ ਵਿਚ ਕਰਵਾਈ ਗਈ ਗੋਸ਼ਟੀ ਦੀ ਸਮਤਾ ਦੇ ਅਕਤੂਬਰ ਅੰਕ ਵਿਚ ਰੀਪੋਰਟ ਦਿੰਦਿਆਂ ਬਾਰੂ ਸਤਵਰਗ ਨੇ ਤੱਥਾਂ ਨੂੰ ਤਰੋੜ ਮਰੋੜ ਕੇ ਪੇਸ਼ ਕੀਤਾ ਹੈ। ਸੁਰਖ਼ ਰੇਖਾ ਦੇ ਸੰਪਾਦਕ ਨਾਜ਼ਰ ਸਿੰਘ ਨੂੰ ਤੇ ਮੈਨੂੰ ਇਕ ਸੰਗੀਨ ਦੂਸ਼ਣ ਦੀ ਲਪੇਟ ਵਿਚ ਲੈਣ ਦੀ ਕੋਸ਼ਿਸ਼ ਕਰਦਾ ਹੋਇਆ ਬਾਰੂ ਸਤਵਰਗ ਰੀਪੋਰਟਿੰਗ ਕਰਦਾ ਹੈ ਕਿ ਗੋਸ਼ਟੀ ਵਿਚ ਅਸੀਂ "ਸਾਹਿਤ ਤੇ ਰਾਜਨੀਤੀ ਦੇ ਸੰਬੰਧ ਨੂੰ ਪਰਵਾਨ ਕਰਦਿਆਂ ਇਹ ਵਿਚਾਰ ਰਖਿਆ ਕਿ ਸਾਹਿਤਕਾਰਾਂ ਨੂੰ ਉਸ ਰਾਜਨੀਤੀ ਬਾਰੇ ਵਿਚਾਰ ਵਟਾ-ਦਰਾ ਨਹੀਂ ਕਰਨਾ ਚਾਹੀਦਾ ਜਿਸ ਦਾ ਸੰਬੰਧ ਅਜੋਕੀ ਹਾਲਤ ਵਿਚ ਸਾਹਿਤ ਨਾਲ ਜੁੜਿਆ ਹੋਇਆ ਹੈ। ਬਾਰੂ ਦੀ ਇਸ ਗ਼ਲਤ ਬਿਆਨੀ ਨੇ ਮੈਨੂੰ ਮਜ਼ਬੂਰ ਕਰ ਦਿਤਾ ਹੈ ਕਿ ਮੈਂ ਨਾ ਚਾਹੁੰਦਾ ਹੋਇਆ ਵੀ ਉਸ ਨੂੰ ਇਹ ਗੱਲ ਨੋਟ ਕਰਾ ਦਿਆਂ ਕਿ ਮੈਂ ਰਾਜਨੀਤੀ ਬਾਰੇ ਵਿਚਾਰ ਵਟਾਂਦਰੇ ਤੋਂ ਕਦੀ ਕੰਨੀਂ ਨਹੀਂ ਖਿਸਕਾਈ। ਮੈਂ ਗੋਸ਼ਟੀ ਵਿਚ ਵੀ ਕਿਹਾ ਸੀ ਤੇ ਹੁਣ ਵੀ ਕਹਿ ਰਿਹਾ ਹਾਂ ਕਿ ਕੋਈ ਵੀ ਸਾਹਿਤ ਰਾਜਨੀਤੀ ਤੋਂ ਅਲੱਗ ਸੁਤੰਤਰ ਰੂਪ ਵਿਚ ਨਹੀਂ ਹੁੰਦਾ ਤੇ ਹਰ ਸਾਹਿਤ ਵਿਚ ਕੋਈ ਨਾ ਕੋਈ ਰਾਜਨੀਤੀ ਪ੍ਰਵਾਹਿਤ ਹੁੰਦੀ ਹੈ। ਪਰ ਮੈਂ ਬਿਨਾਂ ਕਿਸੇ ਜ਼ਰੂਰਤ ਦੇ ਬਿਨਾਂ ਕਿਸੇ ਸੰਦਰਭ ਦੇ ਇਕ ਰਾਜਨੀਤਿਕ ਗਰੁਪ ਵਿਸ਼ੇਸ਼ ਦੀ ਰਾਜਨੀਤਿਕ ਲਾਈਨ ਨੂੰ ਚੁਕ ਕੇ ਮਸ਼ੀਨੀ ਢੰਗ ਨਾਲ ਪਰਚੇ ਵਿਚ ਫਿੱਟ ਕਰ ਦੇਣ ਦੀ ਵਿਰੋਧਤਾ ਕੀਤੀ ਸੀ। ਇੰਝ ਤੁਸੀਂ ਉਹਨਾਂ ਸਾਰੇ ਕ੍ਰਾਂਤੀ-ਕਾਰੀ ਸਾਹਿਤਕਾਰਾਂ ਲਈ ਸਭਾ ਦੇ ਦਰਵਾਜ਼ੇ ਜ਼ਰੂਰ ਬੰਦ ਕਰ ਦਿੰਦੇ ਹੋ ਜੋ ਉਸ ਰਾਜਨੀਤਿਕ ਗਰੁਪ ਵਿਸ਼ੇਸ਼ ਦੀ ਰਾਜਨੀਤਿਕ ਲਾਈਨ ਨਾਲ ਸਹਿਮਤ ਨਹੀਂ ਹਨ। ਇਕ ਗਰੁਪ ਵਿਸ਼ੇਸ਼ ਦੀ ਰਾਜਨੀਤਿਕ ਲਾਈਨ ਸਭਾ ਦੇ ਐਲਾਨਨਾਮੇ ਤੇ ਪਰਚਿਆਂ ਵਿਚ ਦਰਜ ਕਰਨ ਦੀ ਤੁਹਾਡੀ ਜ਼ਿੱਦ ਦਾ ਮਤਲਬ ਤੁਹਾਡੀ ਇਸ ਚਾਹਤ ਵਿਚ ਨਿਕਲਦਾ ਹੈ ਕਿ ਜਿੰਨੇ ਕ੍ਰਾਂਤੀਕਾਰੀ ਰਾਜਨੀਤਿਕ ਗਰੁੱਪ ਹੋਂਦ ਵਿਚ ਹਨ ਉਨੀਆਂ ਹੀ ਕ੍ਰਾਂਤੀਕਾਰੀ ਸਾਹਿਤਕ ਸਭਾਵਾਂ ਬਣਨ! ਸੋ ਤੁਹਾਡੀ ਇਹ ਪਹੁੰਚ ਇਨਕਲਾਬੀ ਏਕਤਾ ਵਾਲੀ ਨਾ ਹੋ ਕੇ ਅਨੇਕਤਾ ਪੈਦਾ ਕਰਨ ਵਾਲੇ ਉਲਟ ਇਨਕਲਾਬੀ ਚਰਿੱਤਰ ਦੀ ਧਾਰਨੀ ਹੈ।

ਜੇ ਮੇਰੇ ਇਹਨਾਂ ਦੋਸਤਾਂ ਦੀ ਸਮਝ ਮੁਤਾਬਿਕ ਸਾਹਿਤ ਸਭਾ ਜਾਂ ਕਿਸੇ ਸਾਹਿਤਕ ਕਿਰਤ ਦੇ ਕ੍ਰਾਂਤੀਕਾਰੀ ਹੋਣ ਦੀ ਤਸੱਲੀ ਬਖ਼ਸ਼ ਤੇ ਲਾਜ਼ਮੀ ਸ਼ਰਤ ਸਾਥੀ ਸਰਾਫ਼ ਦੀ ਰਾਜਨੀਤਿਕ ਲਾਈਨ ਨੂੰ ਦਰਜ ਕਰਨਾ ਹੀ ਹੈ ਫਿਰ ਤਾਂ ਕੋਈ ਵੀ ਉਲਟ ਇਨਕਲਾਬੀ ਬੁਰਜੂਆ ਸਾਹਿਤਕ ਕਿਰਤ ਇਸ ਲਾਈਨ ਨੂੰ ਦਰਜ ਕਰ ਲੈਣ ਨਾਲ ਅੱਖ ਦੇ ਫੋਰ ਵਿਚ ਹੀ ਕ੍ਰਾਂਤੀਕਾਰੀ ਹੋ ਜਾਏਗੀ। ਤੇ ਉਹ ਸਾਰੀਆਂ ਕਿਰਤਾਂ ਜਿਨ ਵਿਚ ਇਸ ਰਾਜਨੀਤਕ ਗਰੁਪ ਵਿਸ਼ੇਸ਼ ਦੀ ਰਾਜਨੀਤਿਕ ਲਾਈਨ ਦਰਜ ਨਹੀਂ ਏਸੇ ਕਰਕੇ ਉਲਟ ਇਨਕਲਾਬੀ ਹੋ ਜਾਣਗੀਆਂ ਚਾਹੇ ਉਹ ਜਸਵੰਤ ਕੰਵਲ ਦੀ "ਲਹੂ ਦੀ ਲੋਅ" ਹੋਵੇ, ਬਾਰੂ ਦੀ ਆਪਣੀ "ਲਹੂ ਪਾਣੀ ਨਹੀਂ ਬਣਿਆਂ" ਹੋਵੇ ਜਾਂ ਕੋਈ, ਹੋਰ ਸਾਹਿਤਕ ਕਿਰਤ।

ਇਹ ਤੇ ਕਈ ਹੋਰ ਨੁਕਤੇ ਮੈਂ, ਤੇ ਕੁਝ ਹੋਰ ਵਿਅਕਤੀਆਂ ਨੇ ਉਸ ਗੋਸ਼ਟੀ ਵਿਚ ਉਠਾਏ ਸਨ। ਦੇਵਾ ਸਿੰਘ ਮਾਹਲਾ, ਪਾਲ ਸਿੰਘ ਪੰਜਾਬੀ ਕੌਮ, ਗੁਰਬਖ਼ਸ਼ ਜੱਸ, ਨਾਜ਼ਰ ਸਿੰਘ ਸੁਰਖ਼ ਰੇਖਾ, ਬਲਦੇਵ ਕਿਸ਼ੋਰ ਸਮੇਤ ਰਾਜਨੀਤਿਕ ਗਰੁਪ ਵਿਸ਼ੇਸ਼ ਦੀ ਰਾਜਨੀਤਿਕ ਲਾਈਨ ਸਭਾ ਦੀ ਪੂਛ ਨਾਲ ਬੰਨ੍ਹ ਕੇ ਨਹੀਂ ਕਰਨਾ ਚਾਹੀਦਾ। ਪਰ ਪਰਚਾ ਪੇਸ਼ ਕਰਨ ਵਾਲਿਆਂ ਨੇ ਆਪਣੇ ਦਿਮਾਗ਼ਾਂ ਦੇ ਸਾਰੇ ਬੂਹੇ ਪੱਕੀ ਤਰ੍ਹਾਂ ਬੰਦ ਕਰਕੇ ਸੀਲ ਕਰ ਰਖੇ ਸਨ ਤੇ ਉਹ ਕਿਸੇ ਦਲੀਲਬਾਜ਼ੀ ਵਿਚ ਪੈ ਕੇ ਆਪਣੀ ਆਦਰਸ਼ ਦੁਨੀਆਂ ਦੀ ਸ਼ਾਂਤੀ ਭੰਗ ਨਹੀਂ ਸਨ ਕਰਨਾ ਚਾਹੁੰਦੇ। ਮੈਂ ਇਥੇ ਬੜੇ ਹੀ ਸੰਖੇਪ-ਰੂਪ ਵਿਚ ਕੁਝ ਕਿਹਾ ਹੈ। ਜੇਕਰ ਬਹਿਸ ਨੇ ਮਜਬੂਰ ਕੀਤਾ ਤਾਂ ਗੋਸ਼ਟੀ ਵਿਚ ਪੇਸ਼ ਕੀਤੇ ਗਏ ਪਰਚੇ ਦਾ ਵਿਸਤਾਰ ਸਹਿਤ ਵਿਸ਼ਲੇਸ਼ਣ ਕਰਨ ਤੋਂ ਹਿਚਕਚਾਵਾਂਗਾ ਨਹੀਂ। ਮੈਂ ਅਜੇ ਵੀ ਬਾਰੂ ਸਤਵਰਗ ਤੇ ਉਹਦੇ ਬੇਲੀਆਂ ਨੂੰ ਬੇਨਤੀ ਕਰਦਾ ਹਾਂ ਕਿ ਕਿਸੇ ਰਾਜਨੀਤਿਕ ਗਰੁਪ ਵਿਸ਼ੇਸ਼ ਦੀ ਰਾਜਨੀਤਿਕ ਲਾਈਨ ਦੀ ਮੋਹਰ ਲਗਾਉਣ ਨਾਲ ਹੀ ਕੋਈ ਸਾਹਿਤ ਸਭਾ ਕ੍ਰਾਂਤੀਕਾਰੀ ਨਹੀਂ ਹੋ ਜਾਂਦੀ। ਸਾਨੂੰ ਇਸ ਤੰਗ-ਨਜ਼ਰੀ ਨੂੰ ਛੱਡ ਕੇ ਲੋਕ ਜਮਹੂਰੀ ਇਨਕਲਾਬ ਦੀ ਦਿਸ਼ਾ ਵਿਚ ਲਿਖਣ ਵਾਲੇ ਤਮਾਮ ਕ੍ਰਾਂਤੀਕਾਰੀ ਲੇਖਕਾਂ ਨੂੰ ਇਸੇ ਸਾਂਝੇ ਕੰਮ ਲਈ ਇਕੱਠੇ ਕਰਨ ਦੇ ਕਾਰਜ ਨੂੰ ਨੇਪਰੇ ਚਾੜ੍ਹਨ ਵਲ ਵਧਣਾ ਚਾਹੀਦਾ ਹੈ!

o ਸੁਖਪਾਲ ਸਿੰਘ – ਸ਼ਿਮਲਾ